**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਮੱਖਣ ਸਿੰਘ ਪੁੱਤਰ ਸ੍ਰੀ ਜਗੀਰ ਸਿੰਘ,
ਪਿੰਡ ਬੀਕਾ ਜਿਲਾ ਸ਼ਹੀਦ ਭਗਤ ਸਿੰਘ ਨਗਰ। -----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ
ਦਫਤਰ ਡਿਪਟੀ ਕਮਿਸ਼ਨਰ ਜ਼ਿਲ੍ਹਾ ਐਸ.ਬੀ.ਐਸ.ਨਗਰ।

ਪਹਿਲੀ ਅਪੀਲੀ ਅਥਾਰਟੀ,
ਕਮਿਸ਼ਨਰ, ਰੂਪਨਗਰ ਡਵਿਜ਼ਨ, ਰੂਪਨਗਰ। -----ਉੱਤਰਦਾਤਾ

**ਅਪੀਲ ਕੇਸ ਨੰ: 4150 ਆਫ 2019**

**ਹਾਜ਼ਰ**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਮੈਡਮ ਜ਼ੋਤੀ ਦੇਵੀ, ਕਲਰਕ, ਯਾਦਵ ਰਾਏ ਸਿੰਘ, ਸੀਨੀਅਰ ਸਕੇਲ ਸਟੈਨੋ (9417554425) ।

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 01-08-2019 , ਲੋਕ ਸੂਚਨਾ ਅਧਿਕਾਰੀ ਦਫਤਰ ਡਿਪਟੀ ਕਮਿਸ਼ਨਰ ਜ਼ਿਲ੍ਹਾ ਐਸ.ਬੀ.ਐਸ.ਨਗਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਪੰਚਾਇਤ ਦੀ ਥਾਂ ਉੱਤੇ ਨਜ਼ਾਇਜ਼ ਕਬਜੇ ਨਾਲ ਸਬੰਧਤ 08 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 01-09-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 05-11-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 02-12-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 21-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਜਾਣਕਾਰੀ ਪ੍ਰਾਪਤ ਹੋਈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਮੈਡਮ ਜ਼ੋਤੀ ਦੇਵੀ, ਕਲਰਕ, ਯਾਦਵ ਰਾਏ ਸਿੰਘ, ਸੀਨੀਅਰ ਸਕੇਲ ਸਟੈਨੋ ਹਾਜ਼ਰ ਹੋਏ। ਉਨ੍ਹਾਂ ਵਲੋਂ ਪੱਤਰ ਨੰ: 582 ਆਰ.ਟੀ.ਆਈ. ਸੈਂਲ ਮਿਤੀ 10-12-2019, ਜਿਲਾ ਮਾਲ ਅਫਸਰ ਸਹੀਦ ਭਗਤ ਸਿੰਘ ਨਗਰ ਵਲੋਂ ਅਤੇ ਅ:ਵਿ:ਪ:ਨੰ: 68 ਐਲ.ਐਫ.ਏ. ਮਿਤੀ 19-12-2019 ਕਮਿਸ਼ਨਰ ਰੂਪਨਗਰ ਮੰਡਲ, ਰੂਪਨਗਰ ਵਲੋਂ ਪੇਸ਼ ਕੀਤੇ ਗਏ। ਪੱਤਰ ਮਿਸਲ ਤੇ ਰੱਖ ਲਏ ਗਏ ਹਨ।

4. ਉੱਤਰਦਾਤਾ ਵਲੋਂ ਸ੍ਰੀ ਯਾਦਵ ਰਾਏ ਸਿੰਘ, ਸੀਨੀਅਰ ਸਕੇਲ ਸਟੈਨੋ ਕਮਿਸ਼ਨਰ, ਰੂਪਨਗਰ ਮੰਡਲ ਰੂਪਨਗਰ ਵਲੋਂ ਪੇਸ਼ ਕੀਤੇ ਗਏ ਉਕਤ ਪੱਤਰ ਮਿਤੀ 19-12-2019 ਰਾਹੀਂ ਦਸਿਆ ਗਿਆ ਕਿ ਅਪੀਲਕਰਤਾ ਨੂੰ ਪੱਤਰ ਨੰ: 436/ਪੀ.ਏ. ਮਿਤੀ 20-7-2016 ਰਾਹੀਂ ਸੂਚਿਤ ਕੀਤਾ ਗਿਆ ਸੀ ਉਸਨੂੰ ਪਹਿਲਾਂ ਹੀ ਪੱਤਰ ਨ: 1600 ਮਿਤੀ 25-5-2016 ਰਾਹੀਂ ਸੂਚਨਾ ਭੇਜ਼ ਦਿੱਤੀ ਗਈ ਸੀ। ਇਸ ਦੇ ਨਾਲ ਹੀ ਮੈਡਮ ਜ਼ੋਤੀ ਦੇਵੀ ਕਲਰਕ ਦਫਤਰ ਜਿਲਾ ਮਾਲ ਅਫਸਰ, ਸ਼ਹੀਦ ਭਗਤ ਸਿੰਘ ਨਗਰ, ਵਲੋਂ ਉਕਤ ਪੱਤਰ ਮਿਤੀ 10-12-2019 ਰਾਹੀਂ ਸੁਚਿਤ ਕੀਤਾ ਗਿਆ ਕਿ ਇਸ ਸਬੰਧ ਵਿਚ ਅਪੀਲਕਰਤਾ ਨੂ ਪਹਿਲਾਂ ਹੀ ਪੱਤਰ ਨੰ: 514 ਆਰ.ਟੀ.ਆਈ ਸੈਂਲ ਮਿਤੀ 04-11-2019 ਰਾਹੀਂ ਪਹਿਲਾਂ ਹੀ ਸੂਚਿਤ ਕੀਤਾ ਜਾ ਚੁੱਕਾ ਹੈ ਕਿ ਸੂਚਨਾ ਦਾ ਸਬੰਧ 5 ਵੰਖ ਵੱਖ ਵਿਭਾਗਾਂ ਨਾਲ ਹੈ ਅਤੇ ਮੰਗੀ ਗਈ ਕੋਈ ਵੀ ਸੂਚਨਾ ਉਨ੍ਹਾਂ ਦੇ ਦਫਤਰ ਵਿਚ ਉਪਲਬਧ ਨਹੀਂ ਹੈ। ਇਸ ਲਈ ਇਨ੍ਹਾਂ ਵਿਭਾਗਾਂ ਪਾਸ ਸਿੱਧੇ ਤੌਰ ਤੇ ਆਪਣੇ ਪੱਧਰ ਤੇ ਵਖਰੀ ਵਖਰੀ ਦਰਖਾਸਤ ਦਿੱਤੀ ਜਾਵੇ। ਇਸ ਤਰ੍ਹਾਂ ਉੱਤਰਦਾਤਾ ਵਲੋਂ ਸੂਚਨਾ ਲੇਟ ਦਿੱਤੀ ਗਈ ਹੈ ਕਿਉਂਜੋ ਪਹਿਲਾ ਪੱਤਰ ਮਿਤੀ 04-11-2019 ਨੂੰ ਲਿਖਿਆ ਗਿਆ ਹੈ। ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਤੋਂ ਕਮਿਸ਼ਨ ਸੰਤੁਸ਼ਟ ਹੈ। ਇਸ ਲਈ **ਇਹ ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 21 ਜਨਵਰੀ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਵਿਕਰਮ ਸਿੰਘ 9501164173
ਮਕਾਨ ਨੰ: 983 ਈ ਬੈਨੀਪਾਲ ਕਲੋਨੀ,
ਮਾਛੀਵਾੜਾ, ਜਿਲਾ ਲੁਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ
ਦਫਤਰ ਐਸ.ਡੀ.ਐਮ. ਸ੍ਰੀ ਅੰਨਦਪੁਰ ਸਾਹਿਬ ਜਿਲਾ ਰੂਪਨਗਰ।

ਪਹਿਲੀ ਅਪੀਲੀ ਅਥਾਰਟੀ,
ਡਿਪਟੀ ਕਮਿਸ਼ਨਰ, ਰੂਪਨਗਰ। -----ਉੱਤਰਦਾਤਾ

**ਅਪੀਲ ਕੇਸ ਨੰ: 4153 ਆਫ 2019**

**ਹਾਜ਼ਰ**

1) ਅਪੀਲਕਰਤਾ ਸ੍ਰੀ ਵਿਕਰਮ ਸਿੰਘ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਨਹੀਂ ।

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 02-09-2019 , ਲੋਕ ਸੂਚਨਾ ਅਧਿਕਾਰੀ ਦਫਤਰ ਐਸ.ਡੀ.ਐਮ. ਸ੍ਰੀ ਅੰਨਦਪੁਰ ਸਾਹਿਬ ਜਿਲਾ ਰੂਪਨਗਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਸ੍ਰੀ ਕਰਮ ਸਿੰਘ ਪੁੱਤਰ ਧੰਮਣ ਸਿੰਘ ਵਾਸੀ ਤਹਿਸੀਲ ਸਮਰਾਲਾ ਜਿਲਾ ਲੁਧਿਆਣਾ ਦੀ ਤਖਤ ਕੇਸ਼ ਗੜ੍ਹ ਸਾਹਿਬ, ਆਨੰਦਪੁਰ ਸਾਹਿਬ ਵਿਖੇ ਦਰਜ ਐਸ.ਜੀ.ਪੀ.ਸੀ. ਦੇ ਰਿਕਾਰਡ ਦੇ ਅਨੁਸਾਰ ਮੌਤ ਦੀ ਮਿਤੀ ਦੀ ਜਾਣਕਾਰੀ ਨਾਲ ਸਬੰਧਤ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 16-09-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 06-11-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 02-12-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 21-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਮੰਗੀ ਗਈ ਸੂਚਨਾ ਅੱਜੇ ਤੱਕ ਪ੍ਰਾਪਤ ਨਹੀਂ ਹੋਈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਹਾਜ਼ਰ ਨਹੀਂ ਹੋਇਆ ਪਰ ਉਨ੍ਹਾਂ ਵਲੋਂ ਪੱਤਰ ਨੰ: 2 ਆਰ.ਟੀ.ਆਈ. ਮਿਤੀ 6-1-2020 ਮਿ 10-01-2020 ਨੂੰ ਡਾਕ ਰਾਹੀਂ ਪ੍ਰਾਪਤ ਹੋਇਆ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ । ਮਿਸਲ ਤੇ ਰੱਖ ਲਿਆ ਗਿਆ ਹੈ।

4. ਉੱਤਰਦਾਤਾ ਵਲੋਂ ਪ੍ਰਾਪਤ ਉਕਤ ਪੱਤਰ ਮਿਤੀ 06-01-2020 ਰਾਹੀਂ ਦਸਿਆ ਗਿਆ ਕਿ ਇਸ ਸਬੰਧ ਵਿਚ ਪ੍ਰਾਰਥੀ ਨੂੰ ਪੱਤਰ ਨੰ: 06/ਆਰ.ਟੀ.ਆਈ. ਮਿਤੀ 05-09-2019 ਰਾਹੀਂ ਸੂਚਨਾ ਦੇ ਦਿਤੀ ਗਈ ਹੈ ਅਤੇ ਪ੍ਰਾਰਥੀ ਨੂੰ ਸੂਚਿਤ ਕੀਤਾ ਗਿਆ ਸੀ ਕਿ ਇਸ ਸਬੰਧੀ ਰਿਕਾਰਡ ਉਪਲਭਧ ਨਹੀਂ ਅਤੇ ਇਸ ਸਬੰਧੀ ਐਸ.ਜੀ.ਪੀ.ਸੀ. ਨਾਲ ਚਾਰਾਜੋਈ ਕੀਤੀ ਜਾਵੇ। ਇਸ ਉਪਰੰਤ ਅਪੀਲ ਸਬੰਧੀ ਵੀ ਪੱਤਰ ਮਿਤੀ 30-10-2019 ਰਾਹੀਂ ਉੱਤਰ ਭੇਜਿਆ ਜਾ ਚੁੱਕਾ ਹੈ। ਇਸ ਤਰ੍ਹਾਂ ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਤੋਂ ਕਮਿਸ਼ਨ ਸੰਤੁਸ਼ਟ ਹੈ। ਇਸ ਲਈ **ਇਹ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 21 ਜਨਵਰੀ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਵਿਸ਼ਾਲ ਸ਼ਰਮਾਂ, ਪੋਸਟ ਆਫਸ,
ਰਾਜੀਵ ਗਾਂਧੀ ਯੂਨੀਵਰਸਿਟੀ ਆਫ ਲਾਅ,
ਭਾਦਸੋਂ ਰੋਡ, ਸਿਧਵਾਲ-147006 ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ
ਦਫਤਰ ਰਾਜੀਵ ਗਾਂਧੀ ਯੂਨੀਵਰਸਿਟੀ ਆਫ ਲਾਅ ਪਟਿਆਲਾ।

ਪਹਿਲੀ ਅਪੀਲੀ ਅਥਾਰਟੀ,
ਰਾਜੀਵ ਗਾਂਧੀ ਯੂਨੀਵਰਸਿਟੀ ਆਫ ਲਾਅ, ਪਟਿਆਲਾ। -----ਉੱਤਰਦਾਤਾ

**ਅਪੀਲ ਕੇਸ ਨੰ: 4155 ਆਫ 2019**

**ਹਾਜ਼ਰ**

1) ਅਪੀਲਕਰਤਾ ਵਲੋ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਨਹੀਂ। ।

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 15-06-2019 , ਲੋਕ ਸੂਚਨਾ ਅਧਿਕਾਰੀ ਦਫਤਰ ਰਾਜੀਵ ਗਾਂਧੀ ਯੂਨੀਵਰਸਿਟੀ ਆਫ ਲਾਅ ਪਟਿਆਲਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਰਾਜੀਵ ਗਾਂਧੀ ਨੈਸ਼ਨਲ ਯੁਨੀਵਰਸਿਟੀ ਪਟਿਆਲਾ ਤੋਂ ਜਦੋਂ ਤੋ ਉਹ ਹੋਂਦ ਵਿਚ ਆਈ ਹੈ, ਉਸਦੀ ਐਨੁਅਲ ਰਿਪੋਰਟ ਦੀ ਕਾਪੀ ਅਤੇ ਅਕੈਡਮਿਕ ਕਮੇਟੀ ਦੀ ਮੀਟਿੰਗ ਦੇ ਅਜੰਡੇ ਅਤੇ ਮੀਨਿਟਸ ਦੀਆਂ ਕਾਪੀਆਂ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 22-08-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 06-11-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 02-12-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 21-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਅਤੇ ਉੱਤਰਦਾਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ । ਪਰ ਉੱਤਰਦਾਤਾ ਅਤੇ ਅਪੀਲਕਰਤਾ ਵਲੋਂ ਪ੍ਰਾਪਤ ਪੱਤਰ ਨੰ: ਆਰ.ਜੀ.ਐਨ.ਯੂ.ਐਲ/12588 ਮਿਤੀ 10-12-2019 ਜ਼ੋ ਕਮਿਸ਼ਨ ਨੂੰ ਸੰਬੋਧਤ ਹੈ ਰਾਹੀਂ ਦਸਿਆ ਗਿਆ ਹੈ ਇਹ ਕੇਸ 21-01-2020 ਨੂੰ ਸੁਣਵਾਈ ਲਈ ਨਿਸਚਿਤ ਹੈ। ਇਸ ਕੇਸ ਵਿਚ ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਹੈ। ਇਸ ਦੇ ਨਾਲ ਹੀ ਅਪੀਲਕਰਤਾ ਵਲੋਂ ਆਪਣੇ ਪੱਤਰ ਮਿਤੀ 7-12-2019 ਜ਼ੋ ਕਮਿਸ਼ਨ ਨੂੰ ਸੰਬੋਧਤ ਹੈ ਰਾਹੀਂ ਦਸਿਆ ਗਿਆ ਕਿ ਉਸਨੂੰ ਪ੍ਰਾਪਤ ਹੋਈ ਸੂਚਨਾ ਤੋਂ ਉਹ ਸੰਤੁਸ਼ਟ ਹੈ ਅਤੇ ਉਹ ਅਪੀਲ ਵਾਪਸ ਲੈਂਦਾ ਹੈ। ਇਸ ਤਰ੍ਹਾਂ ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਤੋਂ ਅਪੀਲਕਰਤਾ ਸੰਤੁਸ਼ਟ ਹੈ, ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 21 ਜਨਵਰੀ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਲਾਜਪਤ ਰਾਏ ਪੁੱਤਰ ਸ੍ਰੀ ਹਰਬੰਸ ਲਾਲ
ਬੀ 3/287 ਰੋਮਾਨਾ ਗੱਲੀ, ਜੈਤੋ, ਜਿਲਾ ਫਰੀਦਕੋਟ -----ਅਪੀਲਕਰਤਾ
ਬਨਾਮ
ਲੋਕ ਸੂਚਨਾ ਅਫਸਰ
ਦਫਤਰ ਚੀਫ ਡਾਇਰੈਕਟਰ ਵਿਜੀਲੈਂਸ ਬਿਉਰੋ, ਮੋਹਾਲੀ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਚੀਫ ਡਾਇਰੈਕਟਰ ਵਿਜੀਲੈਂਸ ਬਿਉਰੋ, ਮੋਹਾਲੀ ----ਉੱਤਰਦਾਤਾ

**ਅਪੀਲ ਕੇਸ ਨੰ: 4173 ਆਫ 2019**

**ਹਾਜ਼ਰ**

1) ਅਪੀਲਕਰਤਾ ਸ੍ਰੀ ਲਾਜਪਤ ਰਾਏ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅਨੀਲ ਰਤਨ, ਕੰਸਟੇਬਲ (9779074400) ।

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 20-04-2019 , ਲੋਕ ਸੂਚਨਾ ਅਧਿਕਾਰੀ ਦਫਤਰ ਚੀਫ ਡਾਇਰੈਕਟਰ ਵਿਜੀਲੈਂਸ ਬਿਉਰੋ, ਮੋਹਾਲੀ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਆਪਣੀ ਪ੍ਰਤੀ ਬੇਨਤੀ ਦੀ ਕਾਪੀ ਅਤੇ 29/18 ਕੇਸ ਦੀ ਇੰਨਕੁਆਰੀ ਦੀ ਮੁਕੰਮਲ ਫਾਇਲ ਸਮੇਤ ਨੋਟਿੰਗ ਦੀ ਫੋਟੋ ਕਾਪੀ ਅਤੇ ਮਹੀਨਾ 8/2017 ਵਿਚ ਸ੍ਰੀ ਗੁਰਸੇਵਕ ਸਿੰਘ ਵਲੋ ਮਿਤੀ 24-09-2018 ਨੂੰ ਸ੍ਰੀ ਬਿਮਲਾ ਦੇਵੀ ਵਲੋਂ ਅਤੇ ਨਾਇਬ ਸਿੰਘ ਵਲੋਂ ਫਾਇਲ ਕੀਤੀਆਂ ਗਈਆਂ ਅਰਜੀਆਂ ਦੀਆਂ ਫੋਟੋ ਕਾਪੀਆਂ ਅਤੇ ਸ਼ਿਕਾਇਤ ਨੰ: 7/2017 ਜ਼ੋ ਕਿ ਸ੍ਰੀ ਬਲਵਿੰਦਰ ਸਿੰਘ ਕਲਰਕ, ਐਮ.ਸੀ., ਜੈਤੋ ਵਿਰੁੱਧ ਹੋਈ ਸੀ ਦੀ ਫਾਇਲ ਦੀਆਂ ਫੋਟੋ ਕਾਪੀਆਂ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 21-09-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 7-11-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 02-12-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 21-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਸ੍ਰੀ ਲਾਜਪਤ ਰਾਏ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅਨੀਲ ਰਤਨ, ਕੰਸਟੇਬਲ ਹਾਜ਼ਰ ਹੋਇਆ, ਉਸ ਵਲੋਂ ਪੱਤਰ ਨੰ: 55162/ਵਬ/ਐਸ-14 ਮਿਤੀ ਨਿੱਲ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ ਅਤੇ ਅਪੀਲਕਰਤਾ ਨੂੰ ਉਤਾਰਾ ਕੀਤਾ ਗਿਆ ਹੈ ਪੇਸ਼ ਕੀਤਾ ਗਿਆ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਉਤਰਦਾਤਾ ਵਲੋਂ ਪੇਸ਼ ਕੀਤੇ ਗਏ ਉਕਤ ਪੱਤਰ ਅਤੇ ਪੇਸ਼ੀ ਦੋਰਾਨ ਦਿੱਤੀ ਗਈ ਦਲੀਲ ਅਨੁਸਾਰ ਉਨ੍ਹਾਂ ਨੂੰ ਅਪੀਲਕਰਤਾ ਦੀ ਅਪੀਲ ਪ੍ਰਾਪਤ ਨਹੀਂ ਸੀ ਹੋਈ। ਪਹਿਲੀ ਅਪੀਲੀ ਅਥਾਰਟੀ ਪਾਸ ਅਪੀਲ ਕਰਨ ਤੇ ਉਸਨੂੰ ਪੱਤਰ ਨੰ: 48484/ਵਬ/ਐਸ-14 ਮਿਤੀ 31-10-2019 ਰਾਹੀਂ ਲਿਖਿਅ ਗਿਆ ਕਿ ਸਿਕਾਇਤ ਨੰ: 29/18 ਫਰੀਦਕੋਟ ਦੀ ਪੜਤਾਲ ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਉਰੋ, ਬਠਿੰਡਾ ਰਾਹੀਂ ਕਰਾਉਣ ਉਪਰੰਤ ਸੱਕੀਆਂ ਖਿਲਾਫ ਵਿਜੀਲੈਂਸ ਇੰਨਕੁਆਰੀ ਦਰਜ ਕਰਨ ਸਬੰਧੀ ਸ਼ੱਕੀਆਂ ਦੇ ਪ੍ਰਬੰਧਕੀ ਵਿਭਾਗ ਪਾਸੋਂ ਪੂਰਵ ਪ੍ਰਵਨਗੀ ਹਾਸਲ ਕਰਨ ਲਈ ਚੋਕਸੀ ਵਿਭਾਗ ਨੂੰ ਪੱਤਰ ਨ: 23040-41 /ਵਬ/ਐਸ-11 ਮਿਤੀ 25-4-2019 ਰਾਹੀਂ ਲਿਖਿਆ ਗਿਆ ਹੈ ਜ਼ੋ ਅਜੇ ਪ੍ਰਾਪਤ ਨਹੀਂ ਹੋਈ। ਇਸ ਤਰ੍ਹਾਂ ਇੰਨਕੁਆਰੀ ਮੁਕੰਮਲ ਨਹੀਂ ਹੋਈ ਇਸ ਲਈ ਆਰ.ਟੀ.ਆਈ. ਐਕ. 2005 ਦੀ ਧਾਰਾ 8(1)(ਜੀ) ਅਤੇ 9(ਐਚ) ਅਧੀਨ ਨਹੀਂ ਦਿਤੀ ਜਾ ਸਕਦੀ। ਇਸ ਤੋਂ ਇਲਾਵਾ ਸ਼ਿਕਾਇਤ ਨੰ: 7/17 ਫਰੀਦਕੋਟ ਨੂੰ ਵਿਚਾਰਨ ਉਪਰੰਤ ਪ੍ਰਮੁੱਖ ਸਕਤਰ, ਪੰਜਾਬ ਸਰਕਾਰ ਸਥਾਨਕ ਸਰਕਾਰ ਵਿਭਾਗ ਚੰਡੀਗੜ੍ਹ ਨੂੰ ਪੱਤਰ ਨੰ: 7430/ਵਬ/ਐ-11, ਮਿਤੀ 02-03-2017 ਰਾਹੀਂ ਯੋਗ ਕਾਰਵਾਈ ਲਈ ਭੇਜ਼ ਦਿੱਤਾ ਗਿਆ ਸੀ। ਉਨ੍ਹਾਂ ਦੇ ਵਿਭਾਗ ਵਲੋਂ ਕੋਈ ਪੜਤਾਲ ਨਹੀਂ ਕੀਤੀ ਗਈ। ਇਸ ਤਰ੍ਹਾਂ ਉੱਤਰਦਾਤਾ ਅਨੁਸਾਰ ਉਨ੍ਹਾਂ ਪਾਸ ਪਹਿਲਾਂ ਕੋਈ ਅਰਜੀ ਨਹੀਂ ਆਈ ਅਤੇ ਅਪੀਲੇਟ ਅਥਾਰਟੀ ਪਾਸ ਅਪੀਲ ਪ੍ਰਾਪਤ ਹੋਣ ਤੇ ਪਤਾ ਚਲਿਆ ਕਿ ਅਰਜੀ ਫਾਇਲ ਕੀਤੀ ਹੈ ਜਿਸ ਵਿਚ ਇੰਨਕੁਆਰੀ ਨੰ: 29/18 ਨਾਲ ਸਬੰਧਤ ਮਿਸਲ ਅਤੇ ਸ੍ਰੀ ਗੁਰਦੇਵ ਸਿੰਘ ਪੁੱਤਰ ਸ੍ਰੀ ਰਾਮ ਸਿੰਘ ਵਲੋਂ

ਪਰਤੋ ਜੀ ----ਚ਼ਲਦਾ ਪੰਨਾ /2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ: 4173 ਆਫ 2019**

8/2017 ਵਿਚ, ਬਿਮਲਾ ਦੇਵੀ ਪੱਤਨੀ ਸ੍ਰੀ ਦੁਰਗਾ ਦਾਸ ਵਲੋਂ ਮਿਤੀ 24-9-2018 ਨੂੰ ਅਤੇ ਨਾਇਬ ਸਿੰਘ ਪੁੱਤਰ ਸ੍ਰੀ ਮਹਿੰਦਰ ਸਿੰਘ ਵਲੋਂ ਮਿਤੀ 24-9-2018 ਨੂੰ ਅਰਜੀਆਂ ਦਿੱਤੀਆਂ ਗਈਆਂ ਸਨ ਉਸ ਦਾ ਸਟੇਟਸ ਅਤੇ ਫਾਇਲ ਦੀਆਂ ਕਾਪੀਆਂ ਦੀ ਮੰਗ ਕੀਤੀ ਗਈ ਹੈ। ਇਸ ਤਰ੍ਹਾਂ ਉੱਤਰਦਾਤਾ ਵਲੋਂ ਦਿੱਤੀ ਗਈ ਜਾਣਕਾਰੀ ਅਧੂਰੀ ਹੈ । ਇਸ ਲਈ ਡਿਟੇਲ ਵਿਚ ਮੁਕੰਮਲ ਜਾਣਕਾਰੀ ਦਿਤੀ ਜਾਵੇ। ਇਸ ਹਦਾਇਤ ਨਾਲ **ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 04-02-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 21 ਜਨਵਰੀ, 2020.** ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਵਰੁਨ ਖੰਨਾ, ਮੋ: 93562-42125
ਪਹਿਲੀ ਮੰਜਿਲ, ਨੰ: 13, ਮਹਾਜਨ ਮਾਰਕਿਟ ਗੱਲੀ ਅਚਰਜਨ,
ਨੇੜੇ ਕਾਰਮੋਂ ਡਿਓੜੀ, ਅੰਮ੍ਰਿਤਸਰ ---------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ, ਦਫਤਰ ਡਵਿਜ਼ਨਲ ਕਮਿਸ਼ਨਰ ਕਮ ਚੇਅਰਪਰਸਨ,
ਫੀ ਰੈਗੁਲੇਟਰੀ ਕਮੇਟੀ, ਜਲੰਧਰ।

ਪਹਿਲੀ ਅਪੀਲੀ ਅਥਾਰਟੀ ਦਫਤਰ
ਡਵਿਜ਼ਨਲ ਕਮਿਸ਼ਨਰ ਕਮ ਚੇਅਰਪਰਸਨ,ਫੀ ਰੈਗੁਲੇਟਰੀ ਬੋਡੀ ਫਾਰ
ਰੈਗੁਲੇਟਿੰਗ ਫੀ ਆਫ ਅਨਏਡਡ ਐਜੂਕੇਸ਼ਨਸ਼ਨ ਸੰਸਥਾ, ਜਲੰਧਰ ----------- ਉੱਤਰਦਾਤਾ

**ਅਪੀਲ ਕੇਸ ਨੰ: 3733/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਨਹੀਂ।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 25-06-2019, ਲੋਕ ਸੂਚਨਾ ਅਧਿਕਾਰੀ ਦਫਤਰ ਡਵਿਜ਼ਨਲ ਕਮਿਸ਼ਨਰ ਕਮ ਚੇਅਰਪਰਸਨ, ਫੀ ਰੈਗੁਲੇਟਰੀ ਕਮੇਟੀ, ਜਲੰਧਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਸਪਰਿੰਗ ਡੇਲ ਸੀਨੀਅਰ ਸਕੂਲ ਦੇ ਵਿਰੁੱਧ ਪਾਈ ਸ਼ਿਕਾਇਤ ਨਾਲ ਸਬੰਧਤ 07 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 25-07-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 07-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 29-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 26-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਮਿਤੀ 26-11-2019 ਨੂੰ ਅਪੀਲਕਰਤਾ ਸ੍ਰੀ ਵਰੁਨ ਖੰਨਾ ਅੱਜ ਪੇਸ਼ੀ ਤੇ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਉੱਤਰਦਾਤਾ ਵਲੋਂ 1.1/2 ਸਾਲ ਬਾਅਦ ਕਿਹਾ ਜਾ ਰਿਹਾ ਹੈ ਕਿ ਇੰਨਕੁਆਰੀ ਚਲ ਰਹੀ ਹੈ ਅਤੇ 110 ਦਿਨਾਂ ਬਾਅਦ ਕਿਹਾ ਜਾ ਰਿਹਾ ਹੈ ਕਿ ਪੈਸੇ ਜਮ੍ਹਾਂ ਕਰਵਾਏ ਜਾਣ ਤਾਂ ਜ਼ੋ ਸੂਚਨਾ ਦਿੱਤੀ ਜਾ ਸਕੇ। ਇਸ ਤੋਂ ਇਲਾਵਾ ਦੂਜੇ ਨੁਕਤਿਆਂ ਸਬੰਧੀ ਵੀ ਉੱਤਰਦਾਤਾ ਵਲੋਂ ਕੋਈ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ।ਇਸ ਸਬੰਧ ਵਿਚ ਉਸ ਵਲੋਂ ਈ.ਮੇਲ ਮਿਤੀ 23-11-2019 ਰਾਹੀਂ ਕਮਿਸ਼ਨ ਨੂੰ ਸੂਚਿਤ ਕੀਤਾ ਗਿਆ ਕਿ ਉਸ ਵਲੋਂ ਮਿਤੀ 25-06-2019 ਨੂੰ ਆਰ.ਟੀ.ਆਈ. ਅਧੀਨ ਅਰਜੀ ਦਿੱਤੀ ਸੀ ਜਿਸਦਾ 30 ਦਿਨਾਂ ਦੇ ਅੰਦਰ ਕੋਈ ਉੱਤਰ ਨਹੀਂ ਦਿੱਤਾ ਗਿਆ, ਜਿਸ ਉਪਰੰਤ ਮਿਤੀ 25-07-2019 ਨੂੰ ਪਹਿਲੀ ਅਪੀਲ ਦਾਇਰ ਕੀਤੀ ਗਈ । 35 ਦਿਨਾਂ ਬਾਅਦ ਮਿਤੀ 30-07-2019 ਨੂੰ ਉੱਤਰ ਦਿੱਤਾ ਅਤੇ ਲੋਕ ਸੂਚਨਾ ਅਧਿਕਾਰੀ ਵਲੋਂ ਸੈਕਸ਼ਨ 8(ਐਚ) ਦਾ ਹਵਾਲਾ ਦਿੰਦੇ ਹੋਏ ਇੰਨਕਾਰ ਕੀਤਾ ਗਿਆ। ਜਿਸ ਉਪਰੰਤ ਉਸ ਵਲੋਂ ਦੂਜੀ ਅਪੀਲ ਕਮਿਸ਼ਨ ਪਾਸ ਦਾਇਰ ਕੀਤੀ ਗਈ। ਮਿਤੀ 14-10-2019 ਨੂੰ ਰੁ: 626/- ਜਮ੍ਹਾਂ ਕਰਾਉਣ ਲਈ ਲਿਖਿਆ ਜਾ ਰਿਹਾ ਹੈ। ਉਸ ਵਲੋਂ ਇਕ ਵਖਰੇ ਕੇਸ ਦਾ ਹਵਾਲਾ ਦਿੰਦੇ ਹੋਏ ਲਿਖਿਆ ਗਿਆ ਕਿ ਧਾਰਾ 20(1) ਤਹਿਤ ਕਾਰਵਾਈ ਕੀਤੀ ਜਾਵੇ। ਇਸ ਦੇ ਨਾਲ ਹੀ ਨੁਕਤਾਵਾਰ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਗਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਲੱਕੀ ਭਾਟੀਆ, ਸੀਨੀਅਰ ਸਹਾਇਕ ਪੇਸ਼ੀ ਤੇ ਹਾਜ਼ਰ ਹੋਇਆ। ਉਸ ਵਲੋਂ ਲੋਕ ਸੂਚਨਾ ਅਫਸਰ ਦਾ ਪੱਤਰ ਨੰ: ਪੀ.ਏ.-2019/4589 ਮਿਤੀ 23-07-2019 ਪੇਸ਼ ਕੀਤਾ ਗਿਆ ਜਿਸ ਰਾਹੀਂ ਦਸਿਆ ਗਿਆ ਕਿ ਉਸਦੀ ਅਰਜੀ ਮਿਤੀ 24-06-2019 ਰਾਹੀ ਦਿੱਤੀ ਸ਼ਿਕਾਇਤ ਸਬੰਧੀ ਇੰਨਕੁਆਰੀ ਚਲ ਰਹੀ ਹੈ, ਇਸ ਲਈ ਆਰ.ਟੀ.ਐਕਟ 2005 ਦੀ ਧਾਰਾ 8(ਐਚ) ਅਧੀਨ ਸੂਚਨਾ ਨਹੀਂ ਦਿੱਤੀ ਜਾ ਸਕਦੀ। ਇਸ ਉਪਰੰਤ ਪੱਤਰ ਨੰ: ਪੀ.ਏ./2019/6162 ਮਿਤੀ 10-10-2019 ਰਾਹੀਂ ਅਪੀਲਕਰਤਾ ਨੂੰ ਰੁ: 626/- ਜਮ੍ਹਾਂ ਕਰਾਉਣ ਲਈ ਲਿਖਿਆ ਗਿਆ। ਇਸ ਉਪਰੰਤ ਪੱਤਰ ਨੰ: ਪੀ.ਏ.-2019/7110 ਮਿਤੀ 22-11-2019 ਰਾਹੀਂ ਕਮਿਸ਼ਨ ਨੂੰ ਉਕੱਤ ਲਿਖੇ ਗਏ ਪੱਤਰਾਂ ਅਤੇ ਦਿੱਤੀ ਗਈ ਸੂਚਨਾ ਸਬੰਧੀ ਸੂਚਿਤ ਕਰਦੇ ਹੋਏ ਦਸਿਆ ਗਿਆ ਕਿ ਅਪੀਲਕਰਤਾ ਨੂੰ ਲੋੜੀਂਦੀ ਫੀਸ ਜਮ੍ਹਾਂ ਕਰਵਾ ਕੇ ਸੂਚਨਾ ਲੈਣ ਲਈ ਲਿਖ ਦਿੱਤਾ ਗਿਆ ਹੈ। ਅਪੀਲਕਰਤਾ ਵਲੋਂ ਅਰਜੀ ਮਿਤੀ 25-06-2019 ਨੂੰ ਪਾਈ ਗਈ ਸੀ, ਮੰਗੀ ਗਈ ਸੂਚਨਾ ਦੇ ਨੁਕਤਾ ਨੰ: 1 ਦੇ ਸਬੰਧ ਵਿਚ ਉੱਤਰਦਾਤਾ ਵਲੋਂ ਮਿਥੇ ਸਮੇਂ ਅਦਰ ਮਿਤੀ 23-07-2019 ਨੂੰ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਸੀ

ਪਰਤੋ ਜੀ ----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ: 3733/2019**

ਅਤੇ ਮੁੜ ਪੱਤਰ ਮਿਤੀ 10-10-2019 ਨੂੰ ਲਿਖਿਆ ਗਿਆ ਕਿ ਪੜਤਾਲ ਮੁਕੰਮਲ ਹੋ ਗਈ ਹੈ, 313 ਪੰਨੇ ਹਨ ਸੂਚਨਾ ਲੈਣ ਲਈ ਰੁ: 626/- ਜਮਾਂ ਕਰਾਵਾਏ ਜਾਣ ਸੂਚਨਾ ਮੁਹੱਈਆ ਕਰਵਾ ਦਿੱਤੀ ਜਾਵੇਗੀ। ਅਪੀਲਕਰਤਾ ਵਲੋਂ ਕਮਿਸ਼ਨ ਨੂੰ ਦਸਿਆ ਗਿਆ ਕਿ ਪਹਿਲਾਂ 1.1/2 ਸਾਲ ਸੂਚਨਾ ਨਹੀ਼ ਦਿੱਤੀ ਅਤੇ ਹੁਣ ਉਨ੍ਹਾਂ ਵਲੋਂ 4 ਮਹੀਨੇ ਬਾਅਦ ਉਸ ਪਾਸੋਂ ਪੈਸੇ ਦੀ ਮੰਗ ਕੀਤੀ ਜਾ ਰਹੀ ਹੈ ਜ਼ੋ 30 ਦਿਨਾਂ ਬਾਅਦ ਨਹੀ਼ ਮੰਗੇ ਜਾ ਸਕਦੇ ਅਤੇ ਨਾਲ ਹੀ ਕਿਹਾ ਗਿਆ ਕਿ ਪਹਿਲੀ ਨੁਕਤੇ ਦੇ ਮਾਮਲੇ ਵਿਚ ਠੀਕ ਪੱਤਰਵਿਹਾਰ ਕਰਦੇ ਰਹੇ ਪਰ ਉਸਦੇ ਬਾਕੀ ਨੁਕਤਿਆਂ ਨਾਲ ਸਬੰਧਤ ਸੂਚਨਾ ਨਹੀਂ ਦਿੱਤੀ ਗਈ। ਸਾਰੇ ਰਿਕਾਰਡ ਨੂੰ ਵੇਖਣ ਤੇ ਇਹ ਵੀ ਪਾਇਆ ਗਿਆ ਕਿ ਇਸ ਮਾਮਲੇ ਵਿਚ ਸਟੇਟਸ ਰਿਪੋਰਟ ਨਾਲ ਸੂਚਨਾ ਮੁਕੰਮਲ ਹੋ ਜਾਂਦੀ ਹੈ, ਇਸ ਮਾਮਲੇ ਵਿਚ ਠੀਕ ਪੱਤਰ ਵਿਹਾਰ ਕੀਤਾ ਗਿਆ ਹੈ ਪਰ ਦੂਜੇ ਨੁਕਤਿਆਂ ਸਬੰਧੀ ਉੱਤਰ ਨਹੀਂ ਦਿੱਤਾ ਗਿਆ ਇਹ ਪੀ.ਆਈ.ਓ. ਦੀ ਗਲਤੀ ਹੈ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਬਿਨਾਂ ਕੋਈ ਪੈਸਾ ਲਏ ਬਾਕੀ ਰਹਿੰਦੇ ਨੁਕਤਿਆਂ ਸਬੰਧੀ 10 ਦਿਨਾਂ ਦੇ ਅੰਦਰ ਅੰਦਰ ਰਜਿਸਟਰਡ ਡਾਕ ਰਾਹੀ਼ ਜਵਾਬ ਭੇਜ਼ ਦਿੱਤਾ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 21-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ, ਪਰ ਉਸ ਵਲੋਂ ਈ.ਮੇਲ ਰਾਹੀਂ ਅਤੇ ਪੱਤਰ ਮਿਤੀ 15-01-2020 ਜੋ ਕਮਿਸ਼ਨ ਨੂੰ ਸੰਬੋਧਤ ਹੈ ਰਾਹੀਂ ਬੇਨਤੀ ਕੀਤੀ ਗਈ ਹੈ ਕਿ ਉਸਨੂੰ ਮੰਗੀ ਗਈ ਸੂਚਨਾ ਕਮਿਸ਼ਨ ਦੇ ਹੁਕੱਮਾਂ ਦੇ ਬਾਵਜੂਦ ਅਜੇ ਤੱਕ ਪ੍ਰਾਪਤ ਨਹੀਂ ਹੋਈ ਜਦੋਂ ਕਿ ਕਮਿਸ਼ਨ ਵਲੋਂ ਬਿਨਾ ਕਿਸੇ ਕੋਸਟ ਮੁਫਤ ਸੂਚਨਾ ਮੁਹੱਇਆ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਇਸ ਦੇ ਨਾਲ ਹੀ ਬੇਨਤੀ ਕੀਤੀ ਗਈ ਹੈ ਕਿ ਉਹ ਹਾਜ਼ਰ ਨਹੀਂ ਹੋ ਸਕਦਾ ਇਸ ਲਈ ਮਿਤੀ 21-01-2020 ਨੂੰ ਅਗਲੀ ਮਿਤੀ ਦਿੱਤੀ ਜਾਵੇ ਅਤੇ ਵੀਡਿਓ ਕਾਨਫਰੰਸ ਰਾਹੀਂ ਸੁਣਵਾਈ ਕੀਤੀ ਜਾਵੇ।

4. ਉੱਤਰਦਾਤਾ ਵਲੋਂ ਪੇਸ਼ੀ ਤੇ ਕੋਈ ਹਾਜ਼ਰ ਨਹੀਂ ਹੋਇਆ ਪਰ ਉਨ੍ਹਾਂ ਵਲੋਂ ਪੱਤਰ ਪਿੱਠ ਅੰਕਣ ਨੰ: ਪੀ.ਏ./2019/184 ਮਿਤੀ 10-01-2020 ਜੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਉਤਾਰਾ ਕਮਿਸ਼ਨ ਨੂੰ ਕੀਤਾ ਗਿਆ ਹੈ ਅਤੇ ਯਾਦ ਪੱਤਰ ਨੰ: ਪੀ..ਏ./ਆਰ.ਟੀ.ਆਈ./311 ਮਿਤੀ 21-1-2020 ਕ੍ਰਮਵਾਰ ਡਾਕ ਅਤੇ ਈ.ਮੇਲ ਰਾਹੀਂ ਪ੍ਰਾਪਤ ਹੋਏ ਹਨ ਜੋ ਕਮਿਸ਼ਨ ਨੂੰ ਸੰਬੋਧਤ ਹੈ। ਮਿਸਲ ਤੇ ਰੱਖ ਲਏ ਗਏ ਹਨ।

5. ਅੱਜ ਪੇਸ਼ੀ ਤੇ ਦੋਨਾਂ ਧਿਰਾਂ ਵਲੋਂ ਕੋਈ ਹਾਜ਼ਰ ਨਹੀਂ ਹੋਇਆ, ਪਰ ਉਨ੍ਹਾਂ ਵਲੋਂ ਆਪਣੇ ਆਪਣੇ ਪੱਤਰਾਂ ਰਾਹੀਂ ਅਪੀਲਕਰਤਾ ਵਲੋਂ ਦਸਿਆ ਗਿਆ ਹੈ ਕਿ ਕਮਿਸ਼ਨ ਦੇ ਹੁਕੱਮਾਂ ਉਪਰੰਤ ਵੀ ਸਹੀ ਸੂਚਨਾ ਪ੍ਰਾਪਤ ਨਹੀਂ ਅਤੇ ਵੀਡੀਓ ਕਾਂਨਫਰੰਸ ਲਈ ਬੇਨਤੀ ਕੀਤੀ ਗਈ ਹੈ। ਇਹ ਮਾਮਲਾ ਵੀਡੀਓ ਕਾਨਫਰੰਸ ਰਾਹੀਂ ਸੁਲਝਣ ਵਾਲਾ ਨਹੀਂ ਇਸ ਲਈ ਵੀਡੀਓ ਕਾਨਫਰੰਸ ਦੀ ਮੰਗ ਰੱਦ ਕੀਤੀ ਜਾਂਦੀ ਹੈ। ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਪੱਤਰ ਮਿਤੀ 10-01-2020 ਰਾਹੀਂ ਨੁਕਤਾਵਾਰ ਦਸੇ ਅਨੁਸਾਰ 313 ਪੱਤਰਾਂ ਦੀਆਂ ਕਾਪੀਆਂ ਭੇਜ ਦਿੱਤੀਆਂ ਗਈਆਂ ਹਨ। ਪਰ ਅਪੀਲਕਰਤਾ ਅਜੇ ਵੀ ਸੰਤੁਸ਼ਟ ਨਹੀਂ। ਇਸ ਲਈ ਉਨ੍ਹਾਂ ਵਲੋਂ ਪੱਤਰ ਮਿਤੀ 21-01-2020 ਰਾਹੀਂ ਲਿਖਿਆ ਗਿਆ ਹੈ ਕਿ ਪ੍ਰਾਰਥੀ ਕਿਸੇ ਕੰਮ ਵਾਲੇ ਦਿਨ ਦਫਤਰੀ ਸਮੇਂ ਦੋਰਾਨ ਦਫਤਰ ਵਿਖੇ ਆ ਕੇ ਰਿਕਾਰਡ ਵੇਖ ਸਕਦਾ ਹੈ ਤੇ ਜੋ ਵੀ ਦਸਤਾਵੇਜ਼ ਉਸਨੂੰ ਚਾਹੀਦਾ ਹੋਵੇਗਾ ਆਰ.ਟੀ.ਆਈ. ਐਕਟ ਅਧੀਨ ਮੁਹੱਇਆ ਕਰਵਾ ਦਿੱਤਾ ਜਾਵੇਗਾ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਉੱਤਰਦਾਤਾ ਨਾਲ ਸੰਪਰਕ ਕਰਕੇ ਕਿਸੇ ਕੰਮ ਵਾਲੇ ਦਿਨ ਦਫਤਰੀ ਸਮੇਂ ਦੋਰਾਨ ਉਨ੍ਹਾਂ ਦਫਤਰ ਜਾ ਕੇ ਰਿਕਾਰਡ ਵੇਖ ਲਿਆ ਜਾਵੇ ਅਤੇ ਜੋ ਵੀ ਦਸਤਾਵੇਜ਼ ਚਾਹੀਦਾ ਹੋਵੇਗਾ ਉਨ੍ਹਾਂ ਨੂ ਦਸਿਆ ਜਾਵੇ ਆਰ.ਟੀ.ਆਈ. ਐਕਟ ਅਧੀਨ ਮੁਹੱਇਆ ਕਰਵਾ ਦਿੱਤਾ ਜਾਵੇਗਾ।ਇਸ ਦੇ ਨਾਲ ਹੀ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਅਨੁਸਾਰ ਅਪੀਲਕਰਤਾ ਨੂੰ ਰਿਕਾਰਡ ਵਿਖੇ ਕੇ ਮੰਗਿਆ ਗਿਆ ਰਿਕਾਰਡ/ਜਾਣਕਾਰੀ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਮੁਹੱਇਆ ਕਰਵਾਈ ਜਾਵੇ ਅਤੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ **ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 03-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ,** 21 **ਜਨਵਰੀ,** 2020. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਜ਼ਸਪਾਲ ਸਿੰਘ 97791-24213
ਮਕਾਨ ਨੰਾਂ 157 ਗਲੀ ਨੰ 8 ਏ ,
ਮੰਨਜੀਤ ਨਗਰ ਭਾਦਸੋ ਰੋਡ ਪਟਿਆਲਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ,
ਕਮ ਸਕੱਤਰ ਟਰਾਂਸਪੋਰਟ ਵਿਭਾਗ, ਕਮਰਾ ਨੰ 423 ਚੋਥੀ ਮੰਜਲ।
ਮਿਨੀ ਸਕੱਤਰੇਤ ਸੈਕਟਰ 9 ਚੰਡੀਗੜ।

ਪਹਿਲੀ ਅਪੀਲੀ ਅਥਾਰਟੀ
ਕਮ ਸਕੱਤਰ ਟਰਾਂਸਪੋਰਟ ਵਿਭਾਗ, ਕਮਰਾ ਨੰ 423 ਚੋਥੀ ਮੰਜਲ,
ਮਿਨੀ ਸਕੱਤਰੇਤ, ਸੈਕਟਰ 9 ਚੰਡੀਗੜ। ----- ਉੱਤਰਦਾਤਾ

**ਅਪੀਲ ਕੇਸ ਨੰ: 3573/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਨਰਿੰਦਰ ਕੁਮਾਰ, ਸੀਨੀਅਰ ਸਹਾਇਕ (9041477201) ਅਸ਼ੋਕ ਕੁਮਾਰ, ਸੀਨੀਅਰ ਸਹਾਇਕ (9463882563)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 16-04-2019 , ਲੋਕ ਸੂਚਨਾ ਅਧਿਕਾਰੀ ਕਮ ਸਕੱਤਰ ਟਰਾਂਸਪੋਰਟ ਵਿਭਾਗ ਕਮਰਾ ਨੰ 423 ਚੋਥੀ ਮੰਜਲ ਮਿਨੀ ਸਕੱਤਰੇਤ ਸੈਕਟਰ 9 ਚੰਡੀਗੜ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਪੰਜਾਬ ਸਰਕਾਰ ਦੇ ਟ੍ਰਾਂਸਪੋਰਟ ਵਿਭਾਗ ਦੀ ਟ੍ਰਾਂਸਪੋਰਟ3 ਸ਼ਾਖਾ ਵਲੋਂ ਪਿ:ਅ:ਨੰ: 11/37/2014-553/271417/1-4 ਮਿਤੀ 18-07-2014 ਨੂੰ ਸਕੱਤਰ, ਪੰਜਾਬ ਸਰਕਾਰ ਟਰਾਂਸਪੋਰਟ ਵਿਭਾਗ ਵਲੋਂ ਪਨਬੱਸ ਅਤੇ ਪੀ.ਆਰ.ਟੀ.ਸੀ. ਵਿਚ ਆਊਟ ਸੋਰਸਿੰਗ ਏਜੰਸੀ ਵਲੋਂ ਮੁਹੱਈਆ ਕਰਵਾਏ ਕੰਡਕਟਰਾਂ/ਡਰਾਇਵਰਾਂ ਨਾਲ ਸਬੰਧਤ 12 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 03-07-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 24-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 14-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 06-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਇਸ ਕੇਸ ਵਿਚ ਪਿਛਲੀ ਮਿਤੀ 04-12-2019 ਨੂੰ ਅਪੀਲਕਰਤਾ ਸ੍ਰੀ ਜ਼ਸਪਾਲ ਸਿੰਘ ਪੇਸ਼ੀ ਤੇ ਹਾਜ਼ਰ ਹੋਇਆ। ਇਸ ਸਬੰਧ ਵਿਚ ਉਸ ਵਲੋਂ ਪੱਤਰ ਮਿਤੀ 07-11-2019 /26-11-2019 ਅਤੇ 30-11-2019 ਈ.ਮੇਲ ਰਾਹੀਂ ਈ.ਮੇਲ ਅਤੇ ਡਾਕ ਰਾਹੀ਼ ਭੇਜੇ ਗਏ। ਜ਼ੋ ਕਮਿਸ਼ਨ ਦੇ ਨਾਲ ਨਾਲ ਉੱਤਰਦਾਤਾ ਨੂੰ ਵੀ ਭੇਜੀ ਗਈ ਹੈ। ਉਸ ਵਲੋਂ ਦਸਿਆ ਗਿਆ ਕਿ ਉਸ ਵਲੋਂ ਉੱਤਰਦਾਤਾ ਨੂੰ ਭੇਜੇ ਗਏ ਇਤਰਾਜਾਂ ਤੇ ਅਜੇ ਤੱਕ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਮੇਵਾ ਸਿੰਘ, ਨਰਿੰਦਰ ਕੁਮਾਰ ਅਤੇ ਸੀ ਅਸ਼ੋਕ ਕੁਮਾਰ, ਸੀਨੀਅਰ ਸਹਾਇਕ ਹਾਜ਼ਰ ਹੋਏ। ਉਨ੍ਹਾਂ ਵਲੋਂ ਡਾਇਰੈਕਟਰ ਸਟੇਟ ਟਰਾਂਸਪੋਰਟ, ਪੰਜਾਬ ਚੰਡੀਗੜ੍ਹ ਦਾ ਪੱਤਰ ਨੰ: 69/ਆਰ.ਟੀ.ਆਈ.ਸਹਾਇਕ/4976-77 ਮਿਤੀ 03-12-2019 ਪੇਸ਼ ਕੀਤਾ ਗਿਆ ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਉੱਤਾਰਾ ਕਮਿਸ਼ਨ ਨੂੰ ਕੀਤਾ ਗਿਆ । ਇਸ ਦੀ ਕਾਪੀ ਅਪੀਲਕਰਤਾ ਨੂੰ ਵੀ ਪੇਸ਼ੀ ਦੋਰਾਨ ਦਸੱਤੀ ਦੇ ਦਿੱਤੀ ਗਈ। ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਇਤਰਾਜ ਦੂਰ ਕਰਨ ਸਬੰਧੀ ਉਕੱਤ ਪੱਤਰ ਜ਼ੋ ਮੋਕੇ ਤੇ ਅਪੀਲਕਰਤਾ ਨੂੰ ਦਿੱਤਾ ਗਿਆ। ਇਸ ਪੱਤਰ ਨੂੰ ਘੋਖਣ ਉਪਰੰਤ ਅਪੀਲਕਰਤਾ ਵਲੋਂ ਦਸਿਆ ਗਿਆ ਕਿ ਇਸ ਪੱਤਰ ਰਾਹੀਂ ਪਨਬੱਸ ਵਲੋਂ ਜ਼ੋ ਉੱਤਰ ਦਿੱਤਾ ਗਿਆ ਹੈ ਉਹ ਸਹੀ ਹੈ, ਪਰ ਪੀ.ਆਰ.ਟੀ.ਸੀ. ਅਤੇ ਵਿਭਾਗ ਵਲੋਂ ਦਿੱਤੀ ਗਈ ਸੂਚਨਾ ਸਹੀਂ ਨਹੀਂ ਹੈ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਵਲੋਂ ਦਿੱਤੇ ਗਏ ਇਤਰਾਜਾਂ ਸਬੰਧੀ ਬਣਦੀ ਸਹੀ ਸੂਚਨਾ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਅਪੀਲਕਰਤਾ ਨੂੰ ਮੁਹੱਈਆ ਕਰਵਾਉਂਦੇ ਹੋਏ ਕਮਿਸ਼ਨ ਨੂੰ ਸੂਚਿਤ

ਪਰਤੋ ਜੀ-----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ: 3573/2019**

ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 21-01-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਪਰ ਉਸ ਵਲੋਂ ਈ.ਮੇਲ ਰਾਹੀਂ ਪੱਤਰ ਮਿਤੀ 20-1-2020 ਜੋ ਕਮਿਸ਼ਨ ਨੂੰ ਸੰਬੋਧਤ ਹੈ ਰਾਹੀਂ ਦਸਿਆ ਗਿਆ ਕਿ ਉਹ ਬਿਮਾਰ ਹੈ ਆ ਨਹੀਂ ਸਕਦਾ ਅਗਲੀ ਮਿਤੀ ਦਿੱਤੀ ਜਾਵੇ। ਇਸ ਦੇ ਨਾਲ ਹੀ ਦਸਿਆ ਗਿਆ ਕਿ ਦਰਜ ਕਰਵਾਈ ਇਤਰਾਜਾਂ ਅਨੁਸਾਰ ਕੋਈ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ ਸੂਚਨਾ ਮੁਹੱਈਆ ਕਰਵਾਈ ਜਾਵੇ ਅਤੇ ਪੀ.ਆਈ.ਓ. ਨੂੰ ਜੁਰਮਾਨਾ ਅਤੇ ਹਰਜਾਨਾ ਪਾਇਆ ਜਾਵੇ। ਪੱਤਰ ਮਿਸਲ ਤੇ ਉਪਲਭਧ ਹੈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਨਰਿੰਦਰ ਕੁਮਾਰ, ਸੀਨੀਅਰ ਸਹਾਇਕ ਅਤੇ ਅਸ਼ੋਕ ਕੁਮਾਰ, ਸੀਨੀਅਰ ਸਹਾਇਕ ਵਲੋਂ ਪੱਤਰ ਨੰ: 9863 ਪੀ.ਆਰ.ਟੀ.ਸੀ./ਪੀ.ਆਈ.ਓ. ਮਿਤੀ 20-01-2020 ਪੇਸ਼ ਕੀਤਾ ਗਿਆ ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਕਮਿਸ਼ਨ ਨੂੰ ਉੱਤਾਰਾ ਕੀਤਾ ਗਿਆ ਹੈ ਪੇਸ਼ ਕੀਤਾ ਗਿਆ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

5. ਅਪੀਲਕਰਤਾ ਵਲੋਂ ਪ੍ਰਾਪਤ ਪੱਤਰਾਂ ਅਨੁਸਾਰ ਉਹ ਬਿਮਾਰੀ ਕਾਰਨ ਹਾਜ਼ਰ ਨਹੀਂ ਹੋ ਸਕਦਾ ਅਗਲੀ ਤਾਰੀਖ ਦੇਣ ਅਤੇ ਸੂਚਨਾ ਮੁਹੱਈਆ ਕਰਾਉਣ ਲਈ ਲਿਖਿਆ ਗਿਆ ਅਤੇ ਨਾਲ ਹੀ ਪੀ.ਆਰ.ਓ. ਨੂੰ ਜੁਰਮਾਨਾ ਹਰਜਾਨਾ ਪਾਉਣ ਲਈ ਲਿਖਿਆ ਗਿਆ ਹੈ ਕਿਉਂਜੋ ਉਨ੍ਹਾਂ ਵਲੋਂ ਸੂਚਨਾ ਨਹੀਂ ਦਿੱਤੀ ਗਈ। ਅੱਜ ਪੇਸ਼ੀ ਦੋਰਾਨ ਉੱਤਰਦਾਤਾ ਪੀ.ਆਰ.ਟੀ.ਸੀ., ਪਟਿਆਲਾ ਦੇ ਨੁਮਾਇੰਦਿਆਂ ਵਲੋਂ ਅਪੀਲਕਰਤਾ ਨੂੰ ਸੂਚਨਾ ਦੇਣ ਲਈ ਲਿਆਂਦੀ ਗਈ ਅਤੇ ਪੇਸ਼ ਹੋ ਕੇ ਉਕੱਤ ਪੱਤਰ ਮਿਤੀ 20-01-2020 ਪੇਸ਼ ਕੀਤਾ ਗਿਆ ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਰਾਹੀ ਦਸਿਆ ਗਿਆ ਕਿ ਨਾਲ ਨੱਥੀ ਪੱਤਰ ਨੰ: 9865 /ਪੀ.ਆਰ.ਟੀ.ਸੀ./ਅਮਲਾ-1 ਮਿਤੀ 20-01-2020 ਰਾਹੀਂ ਨੁਕਤਾਵਾਰ ਡਿਟੇਲ ਵਿਚ ਭੇਜ਼ ਦਿੱਤੀ ਜਾ ਰਹੀ ਹੈ। ਉੱਤਰਦਾਤਾ ਵਲੋਂ ਪੇਸ਼ ਕੀਤੀ ਗਈ ਸੂਚਨਾ ਤੋਂ ਕਮਿਸ਼ਨ ਸੰਤੁਸ਼ਟ ਹੈ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਹੈ ਕਿ ਅਪੀਲਕਰਤਾ ਨੂੰ ਲਿਆਂਦੀ ਗਈ ਸੂਚਨਾ ਰਜਿਸਟਰਡ ਡਾਕ ਰਾਹੀਂ ਭੇਜਕੇ ਰਜਿਸਟਰੀ ਦੀ ਕਾਪੀ ਕਮਿਸ਼ਨ ਨੂੰ ਪੁਜਦੀ ਕੀਤੀ ਜਾਵੇ। ਇਸ ਤਰ੍ਹਾਂ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 21 ਜਨਵਰੀ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਸੰਦੀਪ ਕੁਮਾਰ ਪੁੱਤਰ ਸ਼੍ਰੀ ਰਾਜ ਕੁਮਾਰ,
ਵਾਸੀ ਅਗਰਵਾਲ ਕਲੋਨੀ, ਵਾਰਡ ਨੰ:4 ਭਿੱਖੀ ,
ਤਹਿਸੀਲ ਤੇ ਜ਼ਿਲ੍ਹਾ ਮਾਨਸਾ। -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਉਪ ਮੰਡਲ ਮੈਜਿਸਟਰੇਟ, ਮਾਨਸਾ।
ਪਹਿਲੀ ਅਪੀਲੀ ਅਥਾਰਟੀ ,
ਦਫਤਰ ਉਪ ਮੰਡਲ ਮੈਜਿਸਟਰੇਟ, ਮਾਨਸਾ। -------ਉੱਤਰਦਾਤਾ

**ਅਪੀਲ ਕੇਸ ਨੰ:1371 /2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀ।
2) ਉੱਤਰਦਾਤਾ ( ਲੋਕ ਸੂਚਨਾ ਅਧਿਕਾਰੀ) ਵਲੋਂ ਸ਼੍ਰੀ ਮੁਕੇਸ਼ ਕੁਮਾਰ, ਸੀਨੀਅਰ ਸਹਾਇਕ (9872562083)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 17-01-2019, ਲੋਕ ਸੂਚਨਾ ਅਧਿਕਾਰੀ ਦਫਤਰ ਉਪ ਮੰਡਲ ਮੈਜਿਸਟਰੇਟ, ਮਾਨਸਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਮੁਨੀਸ਼ ਕੁਮਾਰ ਵੱਲੋਂ ਤਹਿਸੀਲਦਾਰ ਸ਼੍ਰੀ ਅਮਰਜੀਤ ਸਿੰਘ ਅਤੇ ਰੀਡਰ ਸ਼੍ਰੀ ਜ਼ਸਵੰਤ ਸਿੰਘ ਦੇ ਖਿਲਾਫ ਦਿੱਤੇ ਗਏ ਹਲਫੀਆ-ਬਿਆਨ ਮਿਤੀ 25-04-2018 ਨਾਲ ਸਬੰਧਤ 04 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 18-02-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 10-04-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 18-06-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 16-07-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।ਇਸ ਉਪਰੰਤ ਅਗਲੀਆਂ ਮਿਤੀਆਂ ਤੇ ਹੋਈ ਕਾਰਵਾਈ ਉਪਰੰਤ ਸੁਣਵਾਈ ਲਈ ਅਗਲੀ ਮਿਤੀ 04-12-2019 ਨਿਸਚਿਤ ਕੀਤੀ ਗਈ ਸੀ।

2. ਪਿਛਲੀ ਪੇਸ਼ੀ ਦੀ ਮਿਤੀ 04-12-2019 ਪੇਸ਼ੀ ਤੇ ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ, ਪਰ ਉਸ ਵਲੋਂ ਈ.ਮੇਲ ਮਿਤੀ 12-11-2019, 29-11-2019 ਅਤੇ 03-12-2019 ਰਾਹੀਂ ਦਸਿਆ ਗਿਆ ਕਿ ਉਸ ਨੂੰ ਅੱਜੇ ਤੱਕ ਕੋਈ ਸੂਚਨਾ ਨਹੀਂ ਦਿੱਤੀ ਗਈ ਜਦੋਂ ਕਿ ਇਸ ਕੇਸ ਵਿਚ 11 ਮਹੀਨੇ ਦਾ ਸਮਾਂ ਬੀਤ ਚੁੱਕਾ ਹੈ ।ਇਸ ਲਈ ਅਧਿਕਾਰੀ ਦੇ ਖਿਲਾਫ ਜੁਰਮਾਨੇ ਦੀ ਕਾਰਵਾਈ ਕਰਕੇ ਉਸਨੂੰ ਸੂਚਨਾ ਮੁਹੱਈਆਂ ਕਰਵਾਈ ਜਾਵੇ। ਉਸ ਦੇ ਮਾਮੀ ਜੀ ਦਾ ਭੋਗ ਹੋਣ ਕਰਕੇ ਉਹ ਹਾਜ਼ਰ ਨਹੀਂ ਹੋ ਸਕਦਾ। ਉੱਤਰਦਾਤਾ(ਲੋਕ ਸੂਚਨਾ ਅਧਿਕਾਰੀ) ਵਲੋਂ ਸ਼੍ਰੀ ਕਰਮਜੀਤ ਸਿੰਘ ਕਲਰਕ ਹਾਜ਼ਰ ਹੋਇਆ ਉਸ ਵਲੋ ਪੱਤਰ ਨ: 111/ਆਰ.ਟੀ.ਆਈ. ਮਿਤੀ 03-12-2019 ਪੇਸ਼ ਕੀਤਾ ਗਿਆ, ਜੋ ਅਪੀਲਕਰਤਾ ਨੂੰ ਸੰਬੋਧਤ ਹੈ,ਅਨੁਸਾਰ ਦਸਿਆ ਗਿਆ ਕਿ ਇਸ ਕੇਸ ਵਿਚ ਦੋਵੇਂ ਧਿਰਾਂ ਦੇ ਬਿਆਨ ਕਲਮਬੰਦ ਹੋ ਚੁੱਕੇ ਹਨ, ਪਰੰਤੂ ਅੰਤਿਮ ਫੈਸਲਾ ਬਾਕੀ ਹੈ, ਫੈਸਲਾ ਆਉਣ ਤੇ ਫੈਸਲੇ ਦੀ ਕਾਪੀ ਦੇ ਦਿੱਤੀ ਜਾਵੇਗੀ। ਅਪੀਲਕਰਤਾ ਵਲੋ ਮਿਤੀ 17-01-2019 ਨੂੰ ਆਰ.ਟੀ.ਆਈ. ਪਾ ਕੇ ਤਹਿਸੀਲਦਾਰ ਅਤੇ ਰੀਡਰ ਵਿਰੁੱਧ ਦਿੱਤੇ ਗਏ ਹਲਫਿਆ ਬਿਆਨ ਤੇ ਹੋਈ ਕਾਰਵਾਈ ਬਾਰੇ ਜਾਣਕਾਰੀ ਮੰਗੀ ਗਈ ਹੈ। ਪਰ ਐਸ.ਡੀ.ਐਮ. ਦਫਤਰ ਵਲੋਂ ਨਾ ਹੀ ਪਹਿਲਾਂ 30 ਦਿਨਾਂ ਵਿਚ ਅਤੇ ਨਾ ਹੀ ਪਹਿਲੀ ਅਪੀਲ ਕਰਨ ਤੇ ਕੋਈ ਸੂਚਨਾ ਦਿੱਤੀ ਗਈ ਅਤੇ ਨਾ ਹੀ ਪਿਛਲੀਆਂ ਮਿਤੀਆਂ ਨੂੰ ਉਨ੍ਹਾਂ ਦਾ ਕੋਈ ਅਧਿਕਾਰੀ ਹਾਜ਼ਰ ਹੋਇਆ।ਹਾਜ਼ਰ ਉੱਤਰਦਾਤਾ ਦੇ ਨੁਮਾਂਇੰਦੇ ਵਲੋਂ ਦਸਿਆ ਗਿਆ ਕਿ ਪੀ.ਆਈ.ਓ. ਮਿਤੀ 14-11-2019 ਤੋਂ 09-12-2019 ਛੁੱਟੀ ਤੇ ਚਲ ਰਹੀ ਹੈ। ਪਰ ਉਸਦੇ ਦਫਤਰ ਵਿਚ ਪਹਿਲਾਂ ਨੋਟਿਸ ਮਿਲੇ ਹੋਏ ਹੋਣਗੇ। ਪਰ ਮੈਡਮ ਤਰਨਜੀਤ ਕੋਰ, ਐਸ.ਡੀ.ਐਮ. ਵਲੋਂ ਕਿਸੇ ਵੀ ਨੋਟਿਸ ਦੀ ਕੋਈ ਪ੍ਰਵਾਹ ਨਹੀਂ ਕੀਤੀ ਅਤੇ ਨਾ ਹੀ ਉਨ੍ਹਾਂ ਦੇ ਡਿਪਾਰਟਮੈਂਟ ਦਾ ਕੋਈ ਕਰਮਚਾਰੀ ਹਾਜ਼ਰ ਹੋਇਆ। ਇਸ ਲਈ ਮੈਡਮ ਤਰਨਜੀਤ ਕੋਰ ਲੋਕ ਸੂਚਨਾ ਅਧਿਕਾਰੀ-ਕਮ-ਐਸ.ਡੀ.ਐਮ. ਮਾਨਸਾ ਨੂੰ ਸੂਚਨਾ ਦਾ ਅਧਿਕਾਰ ਐਕਟ,2005 ਦੇ ਭਾਗ 20 (1) ਤਹਿਤ ਕਾਰਨ-ਦੱਸੋ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਉਹ ਹਲਫੀਆ-ਬਿਆਨ ਰਾਹੀਂ ਕਾਰਨ ਸਪੱਸ਼ਟ ਕਰਨ ਕਿ ਕਿਉਂ ਨਾ ਉਨ੍ਹਾਂ ਨੂੰ ਅਪੀਲਕਰਤਾ ਵੱਲੋਂ ਬਿਨੈ-ਪੱਤਰ ਪੇਸ਼ ਕਰਨ ਦੀ ਮਿਤੀ ਤੋਂ ਅਪੀਲਕਰਤਾ ਨੂੰ ਲੋੜੀਂਦੀ ਸੂਚਨਾ ਮੁਹੱਈਆ ਕਰਨ ਦੀ ਮਿਤੀ ਤੱਕ 250/-ਰੁਪਏ ਪ੍ਰਤੀ

ਪਰਤੋ ਜੀ----ਚਲਦਾ ਪੰਨਾ /2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:**1371 /2019

ਦਿਨ ਦੇ ਹਿਸਾਬ ਨਾਲ ਪਰ ਵੱਧ ਤੋਂ ਵੱਧ 25,000/-ਰੁਪਏ ਤੱਕ ਜੁਰਮਾਨੇ ਦੀ ਸਜ਼ਾ ਦਿੱਤੀ ਜਾਵੇ। ਉਕਤ ਤਜਵੀਜ਼ਤ ਸਜ਼ਾ ਦੇਣ ਤੋਂ ਪਹਿਲਾਂ ਸੂਚਨਾ ਦਾ ਅਧਿਕਾਰ ਐਕਟ, 2005 ਦੇ ਭਾਗ 20 (1) ਦੇ ਹੇਠਾਂ ਦਿੱਤੇ ਗਏ ਪ੍ਰੋਵੀਜ਼ੋ ਤਹਿਤ ਸਬੰਧਤ ਅਧਿਕਾਰੀ ਨੂੰ ਆਪਣਾ ਜਵਾਬ ਪੇਸ਼ ਕਰਨ ਦਾ ਮੌਕਾ ਦਿੰਦੇ ਹੋਏ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਉਹ ਨਿਸ਼ਚਿਤ ਮਿਤੀ ਤੋਂ ਪਹਿਲਾਂ ਜਾਂ ਨਿਸ਼ਚਿਤ ਮਿਤੀ ਤੇ ਹਾਜ਼ਰ ਹੋ ਕੇ ਆਪਣਾ ਲਿਖਤੀ ਜਵਾਬ ਪੇਸ਼ ਨਹੀਂ ਕਰਦੇ ਤਾਂ ਇਹ ਸਮਝ ਲਿਆ ਜਾਵੇਗਾ ਕਿ ਉਹ ਆਪਣੇ ਪੱਖ ਵਿੱਚ ਕੁੱਝ ਵੀ ਨਹੀਂ ਕਹਿਣਾ ਚਾਹੁੰਦੇ ਅਤੇ ਐਕਟ ਦੇ ਉਪਬੰਧਾਂ ਤਹਿਤ ਉਨ੍ਹਾਂ ਵਿਰੁੱਧ ਬਣਦੀ ਅਗਲੇਰੀ ਇਕਤਰਫਾ ਕਾਰਵਾਈ ਕੀਤੀ ਜਾਵੇਗੀ।ਕਿਓਜੋ ਉਹ ਮਿਤੀ 09-12-2019 ਤੱਕ ਛੁੱਟੀ ਤੇ ਸਨ ਇਸ ਲਈ ਇਸ ਕੇਸ ਵਿਚ ਅਗਲੀ ਮਿਤੀ 21-01-2020 ਨਿਸਚਿਤ ਕੀਤੀ ਗਈ ਸੀ ਅਤੇ ਜਿਹੜੀ ਜਾਣਕਾਰੀ ਮਿਤੀ 03-12-2019 ਨੂੰ ਲਿਆਂਦੀ ਗਈ ਸੀ ਉਸ ਤੇ ਕਵਰਿੰਗ ਲੈਟਰ ਲਗਾ ਕੇ ਅਪੀਲਕਰਤਾ ਨੂੰ ਰਜਿਸਟਰਡ ਡਾਕ ਰਾਹੀਂ ਭੇਜੀ ਜਾਵੇ। ਇਸ ਦੇ ਨਾਲ ਹੀ ਰੁ: 5000/- ਬਤੌਰ ਕੰਪਨਸੇਸ਼ਨ ਵਿਭਾਗ ਦੇ ਖਾਤੇ ਵਿਚੋਂ ਡਰਾਫਟ ਬਣਾਕੇ ਅਪੀਲਕਰਤਾ ਨੂੰ ਭੇਜਿਆ ਜਾਵੇ ਅਤੇ ਕਾਪੀ ਕਮਿਸ਼ਨ ਨੂੰ ਦਿੱਤੀ ਜਾਵੇ। ਇਸ ਹਦਾਇਤ ਨਾਲ ਇਹ ਕੇਸ_ਅਗਲੀ ਸੁਣਵਾਈ ਲਈ ਮਿਤੀ 21-01-2020 ਨੂੰ ਸਵੇਰੇ 11:30 ਵਜੇ ਲਈ ਨਿਸ਼ਚਿਤ ਕੀਤਾ ਗਿਆ ਸੀ।

3. ਅਪੀਲਕਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

4. ਉੱਤਰਦਾਤਾ ( ਲੋਕ ਸੂਚਨਾ ਅਧਿਕਾਰੀ) ਵਲੋਂ ਸ੍ਰੀ ਮੁਕੇਸ਼ ਕੁਮਾਰ, ਸੀਨੀਅਰ ਹਾਜ਼ਰ ਹੋਇਆ ਉਸ ਵਲੋਂ ਪੱਤਰ ਨ: 123/ਆਰ.ਟੀ.ਆਈ. ਮਿਤੀ 19-12-2019, ਪੱਤਰ ਨੰ: 136/ਆਰ.ਟੀ.ਆਈ. ਮਿਤੀ 31-12-2019 ਅਤੇ ਪੱਤਰ ਨੰ: 140/ਆਰ.ਟੀ.ਆਈ. ਮਿਤੀ 09-01-2020 ਪੇਸ਼ ਕੀਤੇ ਗਏ ਜ਼ੋ ਪਹਿਲਾਂ ਪ੍ਰਾਪਤ ਹੋ ਚੁੱਕੇ ਹਨ ਅਤੇ ਮਿਸਲ ਤੇ ਉਪਲਬਧ ਹਨ।

5. ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ। ਉੱਤਰਦਾਤਾ ਦੇ ਨੁਮਾਇੰਦੇ ਵਲੋਂ ਪੇਸ਼ ਕੀਤੇ ਗਏ ਉੱਕਤ ਪੱਤਰ ਮਿਤੀ 19-12-2019 ਜ਼ੋ ਕਮਿਸ਼ਨ ਨੂੰ ਸੰਬੋਧਤ ਹੈ ਰਾਹੀਂ ਦਸਿਆ ਗਿਆ ਕਿ ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਪੱਤਰ ਨੰ: 122/ਆਰ.ਟੀ.ਆਈ. ਮਿਤੀ 19-12-2019 ਰਾਹੀਂ ਮੁੱਹੀਆ ਕਰਵਾਈ ਜਾ ਚੁੱਕਾ ਜਿਸਦੀ ਫੋਟੋ ਕਾਪੀ ਪੇਸ਼ ਕੀਤੀ ਗਈ ਹੈ ਅਤੇ ਕੇਸ ਦਾਖਲ ਦਫਤਰ ਕਰਨ ਦੀ ਬੇਨਤੀ ਕੀਤੀ ਗਈ। ਇਸੇ ਤਰ੍ਹਾਂ ਪੱਤਰ ਮਿਤੀ 31-12-2019 ਰਾਹੀਂ ਕਮਿਸ਼ਨ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਅਪੀਲਕਰਤਾ ਨੂੰ ਰੁ: 5000/- ਹਰਜਾਨੇ ਵਜੋਂ ਡਰਾਫਟ ਨੰ: 470865 ਮਿਤੀ 30-12-2019 ਭੇਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਗਿਆ ਹੈ। ਇਸ ਦੇ ਨਾਲ ਹੀ ਪੱਤਰ ਮਿਤੀ 9-1-2020 ਰਾਹੀ਼ ਕਮਿਸ਼ਨ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਲੋੜੀਂਦਾ ਹਲਫਿਆ ਬਿਆਨ ਪੇਸ਼ ਕੀਤਾ ਗਿਆ ਜਿਸ ਰਾਹੀਂ ਆਪਣਾ ਸਪਸ਼ੱਟੀਕਰਨ ਪੇਸ਼ ਕੀਤਾ ਗਿਆ ਜਿਸਨੂੰ ਪ੍ਰਵਾਨ ਕਰਦੇ ਹੋਏ ਜਾਰੀ ਕੀਤਾ ਗਿਆ ਕਾਰਨ ਦਸੋ ਨੋਟਿਸ ਡਰਾਪ ਕੀਤਾ ਜਾਂਦਾ ਹੈ। ਇਸ ਕੇਸ ਵਿਚ ਅਪੀਲਕਰਤਾ ਨੂੰ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਹੈ। ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਦਿਤੀ ਗਈ ਸੂਚਨਾ ਤੋਂ ਕਮਿਸ਼ਨ ਸੰਤੁਸ਼ਟ ਹੈ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 21 ਜਨਵਰੀ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਗਗਨਦੀਪ ਸਿੰਘ ਜੰਜੂਆ 9780643243
ਪਿੰਡ ਤੂਰਾ ਡਾਕਖਾਣਾ ਖੁੰਭ ਤਹਿਸੀਲ ਅਮਲੋਹ ।
ਫਤਿਹਗੜ ਸਾਹਿਬ। ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਐੱਸ.ਡੀ.ਐੱਮ ਬੰਗਾ ਜਿਲਾ ਐੱਸ.ਬੀ.ਐੱਸ ਨਗਰ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਐੱਸ.ਡੀ.ਐੱਮ ਬੰਗਾ ਜਿਲਾ ਐੱਸ.ਬੀ.ਐੱਸ ਨਗਰ। ---------ਉੱਤਰਦਾਤਾ

**ਅਪੀਲ ਕੇਸ ਨੰ: 3477/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਡਾ: ਅਜੀਤਪਾਲ ਸਿੰਘ ਤਹਿਸੀਲਦਾਰ, ਬੰਗਾ (8427007682) ਅਤੇ ਸ੍ਰੀ ਦਲਜੀਤ ਸਿੰਘ, ਕਲਰਕ (98763-18667)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 20-06- 2019, **ਲੋਕ ਸੂਚਨਾ ਅਧਿਕਾਰੀ,** ਦਫਤਰ ਐੱਸ.ਡੀ.ਐੱਮ ਬੰਗਾ ਜਿਲਾ ਐੱਸ.ਬੀ.ਐੱਸ ਨਗਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵਲੋਂ ਦਫਤਰ ਸ੍ਰੀਮਤੀ ਦੀਪ ਸ਼ਿਖਾਂ ਸ਼ਰਮਾਂ, ਉੱਪ ਮੰਡਲ ਮੈਜਿਸਟਰਟ, ਬੰਗਾਂ, ਨਾਲ ਸਬੰਧਤ 02 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 24-07-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 18-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 04-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 23-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 04-12-2019 ਪੇਸ਼ੀ ਤੇ ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਦਲਜੀਤ ਸਿੰਘ, ਕਲਰਕ ਹਾਜ਼ਰ ਹੋਇਆ। ਉਸ ਵਲੋਂ ਪੱਤਰ ਨ: 6290/ਰੀਡਰ ਮਿਤੀ 15-04-2019 ਪੇਸ਼ ਕੀਤਾ ਗਿਆ । ਉੱਤਰਦਾਤਾ ਵਲੋਂ ਬਾਰ ਬਾਰ ਟਾਇਮ ਲੈਣ ਦੇ ਬਾਵਜੂਦ ਉੱਤਰ ਨਹੀਂ ਦਿੱਤਾ ਜਾ ਰਿਹਾ, ਉਹੀ ਪੱਤਰ ਪੇਸ਼ ਕੀਤਾ ਗਿਆ ਜ਼ੋ 15-04-2019 ਨੂੰ ਤਹਿਸੀਲਦਾਰ ਵਲੋਂ ਐਸ.ਡੀ.ਐਮ. ਬੰਗਾ ਨੂੰ ਲਿਖਿਆ ਹੋਇਆ ਹੈ ਜਦੋਂ ਕਿ ਅਪੀਲਕਰਤਾ ਵੀ ਇਹ ਹੀ ਪੁਛੱਣਾ ਚਾਹੁੰਦਾ ਹੈ ਕਿ ਡੇਰੇ ਤੇ ਆਪਣੇ ਆਪ ਕਬਜ਼ਾ ਕੀਤਾ ਹੋਇਆ ਹੈ ਇਹ ਕਿਸ ਆਧਾਰ ਤੇ ਲਿਖਿਆ ਗਿਆ । ਐਸ.ਡੀ.ਐਮ. ਵਲੋਂ ਉੱਤਰ ਦੇਣ ਲਈ ਕਮਿਸ਼ਨ ਤੋਂ 2 ਬਾਰ ਟਾਇਮ ਮੰਗਿਆ ਗਿਆ ਪਰ ਉੱਤਰ ਫਿਰ ਵੀ ਨਹੀਂ ਦਿੱਤਾ ਗਿਆ, ਜ਼ੋ ਪੱਤਰ ਉੱਤਰਦਾਤਾ ਦੇ ਨੁਮਾਂਇੰਦੇ ਨੇ ਪੇਸ਼ ਕੀਤਾ ਉਸ ਤੇ ਕੋਈ ਫਾਰਵਰਡਿੰਗ ਨਹੀਂ ਲਗਾਇਆ ਗਿਆ। ਇਸ ਤਰ੍ਹਾਂ ਉੱਤਰ 100 ਪ੍ਰਤੀਸ਼ਤ ਗਲੱਤ ਹੈ ਕਿਉਂਕਿ ਕੋਈ ਫਾਰਵਰਡਿੰਗ ਪੱਤਰ ਲਗਾ ਨਹੀਂ ਹੋਇਆ ਅਤੇ ਨਾ ਹੀ ਸਬੂਤ ਵਜੋਂ ਕੋਈ ਕਾਪੀ ਪੇਸ਼ ਕੀਤੀ ਗਈ , ਇਸ ਤਰ੍ਹਾਂ ਲਾਪ੍ਰਵਾਹੀ ਵਰਤੀ ਗਈ ਹੈ।ਇਸ ਲਈ ਪੀ.ਆਈ.ਓ. ਨੂੰ ਰੁ: 5000/- ਕੰਪਨਸੇਸ਼ਨ ਪਾਇਆ ਗਿਆ ਸੀ ਕਿ 2 ਵਾਰ ਤਰੀਕ ਲੈਣ ਦੇ ਬਾਵਜੂਦ ਉੱਤਰ ਨਹੀਂ ਦਿੱਤਾ। ਇਸ ਲਈ ਰੁ:5000/- ਵਿਭਾਗ ਦੇ ਖਾਤੇ ਵਿਚੋਂ ਡਰਾਫਟ ਬਣਾ ਕੇ ਅਪੀਲਕਰਤਾ ਨੂੰ ਦਿੱਤਾ ਜਾਵੇ ਅਤੇ ਐਸ.ਡੀ.ਐਮ. ਬੰਗਾ ਨੂੰ ਹਦਾਇਤ ਕੀਤੀ ਗਈ ਸੀ ਕਿ ਤਹਿਸੀਲਦਾਰ ਬੰਗਾ ਤੋਂ ਪੱਤਰ ਲਿਖਕੇ ਇਹ ਪਤਾ ਕੀਤਾ ਜਾਵੇ ਕਿ ਇਹ ਸਬਦਾਵਲੀ ਕਿਸ ਆਧਾਰ ਤੇ ਲਿਖੀ ਗਈ ਹੈ । ਪ੍ਰਾਪਤ ਸੂਚਨਾ ਸਬੰਧੀ ਲਿਖਤੀ ਰੂਪ ਵਿਚ ਅਪੀਲਕਰਤਾ ਨੂੰ ਪੱਤਰ ਸੰਬੋਧਤ ਕਰਦੇ ਹੋਏ ਕਾਪੀ ਕਮਿਸ਼ਨ ਨੂੰ ਭੇਜੀ ਜਾਵੇ। ਪੇਸ਼ੀ ਤੇ ਹਾਜ਼ਰ ਨੁਮਾਇੰਦੇ ਵਲੋਂ ਇਹ ਵੀ ਦਸਿਆ ਗਿਆ ਕਿ ਤਹਿਸੀਲਦਾਰ ਵਲੋਂ ਕਿਹਾ ਗਿਆ ਕਿ ਕੋਈ ਲਿਖਤੀ ਜਵਾਬ ਨਹੀਂ ਦੇਣਾ, ਇਸ ਲਈ ਡਾ:ਅਜੀਤਪਾਲ ਸਿੰਘ, ਤਹਿਸੀਲਦਾਰ ਨੂੰ ਹਦਾਇਤ ਕੀਤੀ ਗਈ ਸੀ ਕਿ ਅਗਲੀ ਪੇਸ਼ੀ ਤੇ ਹਾਜਰ

ਪਰਤੋ ਜੀ ------ਚਲਦਾ ਪੰਨਾ /2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



ਹੋਣ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 21-01-2020 ਨੂੰ ਸਵੇਰੇ 11:30 ਵਜੇ ਲਈ ਨਿਸ਼ਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਕਿ ਅਜੇ ਤੱਕ ਮੁਕੰਮਲ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ।

4. ਉੱਤਰਦਾਤਾ ਵਲੋਂ ਡਾ: ਅਜੀਤਪਾਲ ਸਿੰਘ ਤਹਿਸੀਲਦਾਰ,ਬੰਗਾ ਅਤੇ ਸ੍ਰੀ ਦਲਜੀਤ ਸਿੰਘ, ਸੀ.ਸਹਾਇਕ ਹਾਜ਼ਰ ਹੋਏ ਉਨ੍ਹਾਂ ਵਲੋਂ ਪੱਤਰ ਨੰ: 95-96/ਆਰ.ਟੀ.ਆਈ./ ਮਿਤੀ 16-1-2020 ਅਤੇ ਪੱਤਰ ਨੰ: 6853-54 /ਰੀਡਰ-1 ਮਿਤੀ 20-01-2020 ਪੇਸ਼ ਕੀਤੇ ਗਏ ਜ਼ੋ ਕ੍ਰਮਵਾਰ ਡਾ:ਅਜੀਤਪਾਲ ਸਿੰਘ ਤਹਿਸੀਲਦਾਰ ਨੂੰ ਅਤੇ ਉਪ ਮੰਡਲ ਮੈਜਿਸਟਰੇਟ ਪਹਿਲੀ ਅਪੀਲੀ ਅਥਾਰਟੀ, ਬੰਗਾ ਨੂੰ ਸੰਬੋਧਤ ਹਨ ਅਤੇ ਉਤਾਰਾ ਕਮਿਸ਼ਨ ਅਤੇ ਅਪੀਲਕਰਤਾ ਨੂੰ ਕੀਤਾ ਗਿਆ ਹੈ।ਪੱਤਰ ਮਿਸਲ ਤੇ ਰੱਖ ਲਏ ਗਏ ਹਨ। ਇਸ ਦੇ ਨਾਲ ਹੀ ਪੇਸੀ ਦੋਰਾਨ ਕਮਿਸ਼ਨ ਸਾਹਮਣੇ ਅਪੀਲਕਰਤਾ ਨੂੰ ਦਸਤੀ ਰੁ: 5000/- ਦਾ ਡਰਾਫਟ ਨੰ: 008643 ਮਿਤੀ 20-1-2020 ਦੇ ਦਿਤਾ ਗਿਆ।

5. ਉੱਤਰਦਾਤਾ ਵਲੋਂ ਹਾਜ਼ਰ ਸ੍ਰੀ ਦਲਜੀਤ ਸਿੰਘ, ਸੀਨੀਅਰ ਸਹਾਇਕ ਵਲੋਂ ਪਿਛਲੀ ਮਿਤੀ ਤੇ ਕੀਤੇ ਗਏ ਹੁਕੱਮਾਂ ਅਨੁਸਾਰ ਪੇਸੀ ਦੋਰਾਨ ਕਮਿਸ਼ਨ ਸਾਹਮਣੇ ਅਪੀਲਕਰਤਾ ਨੂੰ ਦਸਤੀ ਰੁ: 5000/- ਦਾ ਡਰਾਫਟ ਨੰ: 008643 ਮਿਤੀ 20-1-2020 ਦੇ ਦਿਤਾ ਗਿਆ ਅਤੇ ਡਾ: ਅਜੀਤਪਾਲ ਸਿੰਘ ਤਹਿਸੀਲਦਾਰ,ਬੰਗਾ ਵਲੋਂ ਪੇਸ਼ ਕੀਤੇ ਗਏ ਪੱਤਰ ਮਿਤੀ 20-01-2020 ਅਨੁਸਾਰ ਦਸਿਆ ਗਿਆ ਕਿ ਪੱਤਰ ਮਿਤੀ 15-04-2019 ਵਿਚ ਲਿਖੀ ਗਈ ਸ਼ਬਦਾਵਲੀ ਉਸਤੋਂ ਪੂਰਵਲੇ ਅਧਿਕਾਰੀ ਤਤਕਾਲੀ ਤਹਿਸੀਲਦਾਰ ਬੰਗਾ ਸ੍ਰੀ ਕੰਵਰ ਨਰਿੰਦਰ ਸਿੰਘ ਜੀ ਜ਼ੋ ਇਸ ਸਮੇ ਬਤੌਰ ਸਬ ਰਜਿਸਟਰਾਰ ਲੁਧਿਆਣਾ (ਪੱਛਮੀ) ਤੈਨਾਤ ਹਨ ਵਲੋਂ ਲਿਖੀ ਗਈ ਸੀ। ਉਨ੍ਹਾਂ ਵਲੋਂ ਹੀ ਪੱਤਰ ਮਿਤੀ 4-7-2019 ਰਾਹੀਂ ਪਹਿਲਾਂ ਸੂਚਨਾ ਭੇਜੀ ਜਾ ਚੁੱਕੀ ਹੈ ਜਿਸ ਵਿਚ ਇਹ ਵੀ ਦਸਿਆ ਗਿਆ ਕਿ ਉਹ ਹੀ ਸੂਚਨਾ ਮੁਹੱਈਆ ਕਰਵਾਈ ਜਾਣੀ ਹੈ ਜ਼ੋ ਉਪਲਭਧ ਹੋਵੇ । ਇਸ ਤਰ੍ਹਾਂ ਇਸ ਕੇਸ ਵਿਚ ਪੂਰਵਲੇ ਅਧਿਕਾਰੀ ਸ੍ਰੀ ਕੰਵਰ ਨਰਿੰਦਰ ਸਿੰਘ ਹੀ ਦਸ ਸਕਦੇ ਹਨ ਕਿ ਉਨ੍ਹਾਂ ਵਲੋਂ ਅਜਿਹੇ ਸ਼ਬਦ ਕਿਉਂ ਲਿਖੇ ਗਏ ਸਨ। ਇਸ ਲਈ ਡਾ: ਅਜੀਤਪਾਲ ਸਿੰਘ ਤਹਿਸੀਲਦਾਰ ਬੰਗਾ ਨੂੰ ਪੇਸ਼ੀ ਤੋਂ ਛੋਟ ਦਿੱਤੀ ਜਾਂਦੀ ਹੈ। ਸ੍ਰੀ ਕੰਵਰ ਨਰਿੰਦਰ ਸਿੰਘ ਤਹਿਸੀਲਦਾਰ , ਬੰਗਾ (ਹੁਣ ਸਬ ਰਜਿਸਟਰਾਰ ਲੁਧਿਆਣਾ (ਪੱਛਮੀ) ) ਵਲੋਂ ਮੌਕਾ ਵੇਖਿਆ ਗਿਆ ਸੀ ਅਤੇ ਉਕੱਤ ਪੱਤਰ ਮਿਤੀ 15-04-2019 ਰਾਹੀਂ ਰਿਪੋਰਟ ਕੀਤੀ ਗਈ ਸੀ ਦੇ ਰੈਫਰੰਸ ਨਾਲ ਉਨ੍ਹਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਸਪੱਸ਼ਟ ਕਰਨ ਕਿ ਇਹ ਸ਼ਬਦਾਵਲੀ 'ਜਿਸ ਤੋਂ ਜਾਪਦਾ ਹੈ ਕਿ ਉਹ ਆਪਣੀ ਮਰਜੀ ਨਾਲ ਉਕਤ ਡੇਰੇ ਤੇ ਕਾਬਜ਼ ਹੈ' ਕਿਸ ਆਧਾਰ ਤੇ ਲਿਖਿਆ ਗਿਆ ਸੀ ਅਤੇ ਕਮਿਸ਼ਨ ਪਾਸ ਭੇਜੇ ਗਏ ਨੁਮਾਇੰਦੇ ਨੂੰ ਹਦਾਇਤ ਕੀਤੀ ਗਈ ਸੀ ਕਿ ਕੋਈ ਲਿਖਤੀ ਜਵਾਬ ਨਹੀਂ ਦੇਣਾ। ਇਸ ਹਦਾਇਤ ਨਾਲ **ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 02-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 21 ਜਨਵਰੀ, 2020.**

**ਕਾਪੀ: ਸ੍ਰੀ ਕੰਵਰ ਨਰਿੰਦਰ ਸਿੰਘ ਤਹਿਸੀਲਦਾਰ , ਬੰਗਾ**
**(ਹੁਣ ਸਬ ਰਜਿਸਟਰਾਰ ਲੁਧਿਆਣਾ (ਪੱਛਮੀ) )**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਸੁਰਿੰਦਰ ਪਾਲ ਅਰੋੜਾ, 94633-40714
ਰਿਟਾਇਰਡ ਸਹਾਇਕ ਰਜਿਸਟਰਾਰ,3766 ਗੱਲੀ ਕਲਕੱਤਿਆਂ ਵਾਲੀ
ਬਜ਼ਾਰ ਬੜੀਆਂ ਵਾਲਾ ਕਟੜਾ ਸੁਫੈਦ, ਅੰਮ੍ਰਿਤਸਰ ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਦਫਤਰ ਰਜਿਸਟਰਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਪਹਿਲੀ ਅਪੀਲੀ ਅਥਾਰਟੀ,
ਵਾਇਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ। ----ਉੱਤਰਦਾਤਾ

**ਅਪੀਲ ਕੇਸ ਨੰ:3741 ਆਫ 2019**

**ਹਾਜ਼ਰ**

1) ਅਪੀਲਕਰਤਾ ਵਲੋਂ ਸ੍ਰੀ ਮਹਿੰਦਰ ਸਿੰਘ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਸ੍ਰੀ ਮਨਜੀਤ ਸਿੰਘ, ਸਹਾਇਕ ਰਜਿਸਟਰਾਰ (9417032936)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 13-02-2019, ਲੋਕ ਸੂਚਨਾ ਅਧਿਕਾਰੀ ਦਫਤਰ ਰਜਿਸਟਰਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਯੂਨੀਵਰਸਿਟੀ ਵਲੋਂ ਪਹਿਲਾਂ ਦਿੱਤੀ ਜਾਣਕਾਰੀ ਅਨੁਸਾਰ ਦਸੀਆਂ ਗਈਆਂ ਫਾਈਲਾਂ ਦੀ ਤਾਜਾ ਸਥਿਤੀ, ਐਕਸ਼ਨ ਟੇਕਨ ਰਿਪੋਰਟ ਨਾਲ ਸਬੰਧਤ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 26-04-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਲੋਕ ਸੂਚਨਾ ਅਫਸਰ ਵਲੋਂ ਪੱਤਰ ਮਿਤੀ 30-08-2019 ਰਾਹੀਂ ਸੂਚਨਾ ਦਿੱਤੀ ਗਈ ਉਸ ਉਪਰੰਤ ਉਸ ਨੇ ਮਿਤੀ 09-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 05-11-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 05-12-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ। ਜੋ ਕਿ ਬਾਅਦ ਵਿਚ ਮਲਤੱਵੀ ਕਰਕੇ ਮਿਤੀ 06-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 06-01-2020 ਨੂੰ ਅਪੀਲਕਰਤਾ ਸ੍ਰੀ ਸੁਰਿੰਦਰ ਪਾਲ ਅਰੋੜਾ ਵਲੋਂ ਸ੍ਰੀ ਮਹਿੰਦਰ ਸਿੰਘ ਪੇਸ਼ੀ ਤੇ ਹਾਜ਼ਰ ਹੋਇਆ ਸੀ, ਉਸ ਵਲੋਂ ਦਸਿਆ ਗਿਆ ਕਿ ਉਸਨੂ ਅਜੇ ਤੱਕ ਸਹੀ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਮਨਜੀਤ ਸਿੰਘ, ਸਹਾਇਕ ਰਜਿਸਟਰਾਰ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਪਹਿਲਾਂ ਹੀ ਪੱਤਰ ਨੰ: 723/ਆਰ.ਟੀ.ਆਈ. ਮਿਤੀ 30-08-2019 ਰਾਹੀਂ ਮੁਹੱਈਆ ਕਰਵਾਈ ਜਾ ਚੁੱਕੀ ਹੈ।ਪੱਤਰ ਮਿਸਲ ਤੇ ਉਪਲਬਧ ਹੈ। ਦੋਨਾਂ ਧਿਰਾਂ ਵਲੋਂ ਦਿਤੀਆਂ ਗਈਆਂ ਦਲੀਲਾਂ ਅਤੇ ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਦਸਤਾਵੇਜ਼ ਪੱਤਰ ਨ: 002/ਆਰ.ਟੀ.ਆਈ. ਮਿਤੀ 04-01-2020 ਨੂੰ ਘੋਖਿਆ ਗਿਆ। ਕਮਿਸ਼ਨ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਉੱਤਰਦਾਤਾ ਵਲੋਂ ਮੰਗੀ ਗਈ ਸੂਚਨਾ ਨਾਲ ਸਬੰਧਤ ਦਸਤਾਵੇਜ਼ ਸਰਟੀਫਾਈ ਕਰਦੇ ਹੋਏ ਅਪੀਲਕਰਤਾ ਨੂੰ ਦੇ ਦਿੱਤੇ ਗਏ। ਪਰ ਅਪੀਲਕਰਤਾ ਵਲੋਂ ਦਸਿਆ ਗਿਆ ਕਿ ਉਸਨੂੰ ਮਿਸਲ ਵਿਚ ਉਪਲਬਧ ਇਕ ਪੰਨਾ ਮੁਹੱਈਆ ਨਹੀਂ ਕਰਵਾਇਆ ਗਿਆ ਜ਼ੋ ਮਿਸ ਹੈ ਜਿਸ ਕਰਕੇ ਕੰਟੀਨਿਊਟੀ ਨਹੀਂ ਬਣਦੀ। ਉੱਤਰਦਾਤਾ ਵਲੋਂ ਦਸਿਆ ਗਿਆ ਅਪੀਲਕਰਤਾ ਨੂੰ ਪਹਿਲਾਂ ਪੱਤਰ ਮਿਤੀ 30-08-2019 ਰਾਹੀਂ ਸੂਚਨਾ/ਦਸਤਾਵੇਜ਼ ਮੁਹੱਈਆ ਕਰਵਾ ਦਿੱਤੇ ਗਏ ਸਨ ਅਤੇ ਅਪੀਲਕਰਤਾ ਵਲੋਂ ਕਮਿਸ਼ਨ ਪਾਸ ਦਾਇਰ ਦੂਜੀ ਅਪੀਲ ਮਿਤੀ 09-09-2019 ਵਿਚ 06 ਨੁਕਤੇ ਉਠਾਏ ਗਏ ਸਨ, ਜਿਸ ਸਬੰਧੀ ਉਕਤ ਪੱਤਰ ਮਿਤੀ 04-01-2020 ਰਾਹੀਂ ਪੈਰਾ ਵਾਰ ਉੱਤਰ ਦੇ ਦਿੱਤਾ ਗਿਆ ਜਿਸ ਦੇ ਪੈਰਾ 06 ਵਿਚ ਸਪਸਟ ਕੀਤਾ ਗਿਆ ਕਿ ਜਿਸ ਦਸਤਾਵੇਜ਼ ਦੀ ਮੰਗ ਅਪੀਲਕਰਤਾ ਵਲੋਂ ਕੀਤੀ ਜਾ ਰਹੀ ਹੈ ਉਸਦਾ ਇਸ ਕੇਸ ਫਾਇਲ ਨਾਲ ਸਬੰਧ ਨਹੀਂ ਹੈ, ਕਿਉਂਜੋ ਇਹ ਨਾ ਤਾਂ ਸੰਸਥਾ ਦੇ ਕਿਸੇ ਸਮਰਥ ਕਰਮਚਾਰੀ ਵਲੋਂ ਤਿਆਰ ਕੀਤਾ ਗਿਆ ਹੈ ਨਾ ਹੀ ਕਿਸੇ ਸਮਰਥ ਪ੍ਰਵਾਨਤ ਅਧਿਕਾਰੀ ਦੁਆਰਾ ਅਪਰੂਵ/ਸੈਗਸ਼ਨ ਕੀਤਾ ਗਿਆ ਹੈ, ਇਸ ਲਈ ਅਜਿਹਾ ਦਸਤਾਵੇਜ਼ ਨਹੀਂ ਦਿੱਤਾ ਜਾ ਸਕਦਾ। ਅਪੀਲਕਰਤਾ ਦੀ ਮੰਗ ਤੇ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਉਹ ਹਲਫਿਆ ਬਿਆਨ ਪੇਸ਼ ਕਰਨ ਕਿ ਜ਼ੋ ਜਾਣਕਾਰੀ ਦਿੱਤੀ ਗਈ ਹੈ ਉਹ ਸਹੀ ਹੈ ਅਤੇ

ਪਰਤੋ ਜੀ------ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ**:3741 **ਆਫ** 2019

ਉਨ੍ਹਾਂ ਵਲੋਂ ਕੋਈ ਜਾਣਕਾਰੀ ਛੁਪਾਈ ਨਹੀਂ ਗਈ ਅਤੇ ਜੋ ਦਸਤਾਵੇਜ਼ ਅਪੀਲਕਰਤਾ ਵਲੋਂ ਮੰਗਿਆ ਗਿਆ ਹੈ ਉਹ ਇਸ ਫਾਇਲ ਨਾਲ ਸਬੰਧਤ ਨਹੀਂ ਹੈ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 21-01-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਵਲੋਂ ਸ੍ਰੀ ਮਹਿੰਦਰ ਸਿੰਘ ਪੇਸ਼ ਹੋਇਆ।ਉਸ ਵਲੋਂ ਇਸ ਕੇਸ ਵਿਚ ਅਪੀਲਕਰਤਾ ਵਲੋਂ ਅਥਾਰਟੀ ਪੱਤਰ ਪੇਸ਼ ਕੀਤਾ ਗਿਆ ਜੋ ਉਸ ਵਲੋਂ ਪਿਛਲੀ ਤੇ ਪੇਸ ਨਹੀਂ ਸੀ ਕੀਤਾ ਗਿਆ, ਮਿਸਲ ਤੇ ਰੱਖ ਲਿਆ ਗਿਆ ਹੈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਮਨਜੀਤ ਸਿੰਘ, ਸਹਾਇਕ ਰਜਿਸਟਰਾਰ ਹਾਜ਼ਰ ਹੋਇਆ ਉਸ ਵਲੋਂ ਪਿੱਠ ਅੰਕਣ ਨੰ: 029/ਆਰ.ਟੀ.ਆਈ. ਮਿਤੀ 20-1-2020 ਪੇਸ਼ ਕੀਤਾ ਗਿਆ ਜੋ ਸ੍ਰੀ ਸੁਰਿਦਰ ਪਾਲ ਅਰੋੜਾ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਕਮਿਸ਼ਨ ਨੂੰ ਉੱਤਰਦਾਤਾ ਕੀਤਾ ਗਿਆ ਹੈ।ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

5. ਉੱਤਰਦਾਤਾ ਦੇ ਨੁਮਾਇੰਦੇ ਵਲੋਂ ਪੇਸ਼ ਕੀਤੇ ਗਏ ਉਕਤ ਪੱਤਰ ਮਿਤੀ 20-01-2020 ਰਾਹੀਂ ਨੋਟਰੀ ਪਬਲਿਕ ਵਲੋਂ ਤਸਦੀਕਸ਼ੁਦਾ ਹਲਫੀਆ ਬਿਆਨ ਪੇਸ਼ ਕੀਤਾ ਗਿਆ । ਕਮਿਸ਼ਨ ਵਲੋਂ ਪਿਛਲੀ ਮਿਤੀ ਤੇ ਕੀਤੇ ਗਏ ਹੁਕਮਾਂ ਅਨੁਸਾਰ ਮੰਗਿਆ ਗਿਆ ਹਲਫਿਆ ਬਿਆਨ ਮਿਤੀ 17-01-2020 ਲਿਆਂਦਾ ਗਿਆ ਜੋ ਅਪੀਲਕਰਤਾ ਦੇ ਨੁਮਾਇੰਦੇ ਨੂੰ ਦੇ ਦਿੱਤਾ ਗਿਆ ਹੈ।ਇਸ ਤਰ੍ਹਾਂ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ**, 21 **ਜਨਵਰੀ**, 2020. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਹਰਧੀਰ ਸਿੰਘ 9216165508
ਮਕਾਨ ਨੰ: 508 ਫੇਸ 9 ਮੁਹਾਲੀ । ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਰਿਜਨਲ ਟਰਾਂਸਪੋਰਟ ਅਥਾਰਟੀ, ਜੰਲਧਰ।
ਪਹਿਲੀ ਅਪੀਲੀ ਅਥਾਰਟੀ,
ਪੰਜਾਬ ਸਟੇਟ ਟਰਾਂਸਪੋਰਟ ਕਮਿਸ਼ਨਰ ਸੈਕਟਰ 17 ਚੰਡੀਗੜ। -------ਉੱਤਰਦਾਤਾ

**ਅਪੀਲ ਕੇਸ ਨੰ: 3600/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਜਤਿੰਦਰ ਸਿੰਘ, ਡਾਟਾ ਐਟਰੀ ਓਪਰੇਟਰ (8729061666)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 21-06-2019, ਲੋਕ ਸੂਚਨਾ ਅਧਿਕਾਰੀ ਰਿਜਨਲ ਟਰਾਂਸਪੋਰਟ ਅਥਾਰਟੀ, ਜੰਲਧਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਐਸ.ਟੀ.ਸੀ.ਚੰਡੀਗੜ੍ਹ ਤੋਂ ਪੀ.ਏ.ਐਕਸ 7 ਨੰਬਰ ਫੀਅਟ ਗੱਡੀ ਲਈ ਅਲਾਟ ਕਰਵਾਇਆ ਸੀ ਜ਼ੋ ਕਿ ਆਰ.ਟੀ.ਏ.ਜਲੰਧਰ ਵਿਚ ਰਜਿਸਟਰ ਸੀ ਨਾਲ ਸਬੰਧਤ 03 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 14-08-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 25-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 14-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 06-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।ਇਸ ਉਪਰੰਤ ਇਹ ਕੇਸ ਮੁਲਤਬੀ ਕਰਕੇ ਅਗਲੀ ਮਿਤੀ 07-11-2019 ਲਈ ਨਿਸਚਿਤ ਕੀਤਾ ਗਿਆ ਸੀ।ਇਸ ਉਪਰੰਤ ਇਹ ਕੇਸ ਮਿਤੀ 16-11-2019 ਨੂੰ ਸੁਣਵਾਈ ਉਪਰੰਤ ਅਗਲੀ ਸੁਣਵਾਈ ਮਿਤੀ 18-12-2019 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਪੇਸ਼ੀ ਦੀ ਮਿਤੀ 18-12-2019 ਨੂੰ ਅਪੀਲਕਰਤਾ ਅੱਜ ਪੇਸ਼ੀ ਤੇ ਹਾਜਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਲੋਕ ਸੂਚਨਾ ਅਧਿਕਾਰੀ ਵਲੋਂ ਉਸਨੂੰ ਅਜੇ ਤੱਕ ਕੋਈ ਸੂਚਨਾ ਮੁੱਹਈਆ ਨਹੀਂ ਕਰਵਾਈ ਗਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ। ਪੇਸੀ ਤੇ ਅਪੀਲਕਰਤਾ ਵਲੋਂ ਦਸੇ ਅਨੁਸਾਰ ਉਸਨੂੰ ਅੱਜੇ ਤੱਕ ਕੋਈ ਸੁਚਨਾ ਪ੍ਰਾਪਤ ਨਹੀਂ ਹੋਈ। ਪਿਛਲੀ ਮਿਤੀ 26-11-2019 ਨੂੰ ਉੱਤਰਦਾਤਾ ਦਾ ਨੁਮਾਇੰਦਾ ਸ੍ਰੀ ਜਤਿੰਦਰ ਸਿੰਘ, ਡਾਟਾ ਐਂਟਰੀ ਓਪਰੇਟਰ, ਹਾਜ਼ਰ ਹੋਇਆ ਸੀ ਜਿਸ ਨੂੰ ਆਰ.ਟੀ.ਆਈ. ਅਰਜੀ ਦੀ ਕਾਪੀ ਦੇ ਦਿਤੀ ਗਈ ਸੀ ਇਸ ਲਈ ਉਸਨੂੰ ਅੱਜ ਪੇਸ਼ੀ ਤੇ ਹਾਜ਼ਰ ਹੋਣਾ ਚਾਹੀਦਾ ਸੀ, ਪਰ ਉਹ ਅੱਜ ਹਾਜ਼ਰ ਨਹੀਂ ਹੋਇਆ।ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਵਲੋਂ ਮੰਗੀ ਗਈ ਸੂਚਨਾ ਅਗਲੀ ਪੇਸ਼ੀ ਤੋਂ ਪਹਿਲਾਂ ਪਹਿਲਾਂ ਮੁਹੱਈਆ ਕਰਵਾ ਕੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 21-01-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਵਲੋਂ ਅੱਜ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਹੋਣ ਬਾਰੇ ਕੋਈ ਜਾਣਕਾਰੀ ਪ੍ਰਾਪਤ ਹੋਈ ਹੈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਜਤਿੰਦਰ ਸਿੰਘ, ਡਾਟਾ ਐਟਰੀ ਓਪਰੇਟਰ ਹਾਜ਼ਰ ਹੋਇਆ ਉਸ ਵਲੋ ਪੱਤਰ ਨੰ: 1008/ਆਰ.ਟੀ.ਏ.ਜਲੰਧਰ ਮਿਤੀ 21-01-2020 ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ ਅਤੇ ਪੱਤਰ ਨੰ: 1009 /ਆਰ.ਟੀ.ਏ.ਜਲੰਧਰ ਮਿਤੀ 21-01-2020 ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਪੇਸ਼ ਕੀਤੇ ਗਏ। ਪੱਤਰ ਮਿਸਲ ਤੇ ਰੱਖ

ਪਰਤੋ ਜੀ -----ਚਲਦਾ ਪੰਨਾ /2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

**ਅਪੀਲ ਕੇਸ ਨੰ:** 3600/2019

ਲਏ ਗਏ ਹਨ।

5. ਉੱਤਰਦਾਤਾ ਦੇ ਨੁਮਾਇੰਦੇ ਵਲੋਂ ਪੇਸ਼ ਕੀਤੇ ਗਏ ਪੱਤਰਾਂ ਮਿਤੀ 21-01-2020 ਰਾਹੀਂ ਕ੍ਰਮਵਾਰ ਅਥਾਰਟੀ ਲੈਟਰ ਪੇਸ਼ ਕੀਤਾ ਗਿਆ ਅਤੇ ਦੂਜੇ ਪੱਤਰ ਰਾਹੀਂ ਅਪੀਲਕਰਤਾ ਨੂੰ ਸੂਚਿਤ ਕੀਤਾ ਗਿਆ ਕਿ ਉਸ ਵਲੋਂ ਮੰਗੀ ਗਈ ਰਜਿਸਟਰੇਸ਼ਨ ਨੰ: ਪੀ.ਏ.ਐਕਸ-7 ਦੇ ਟਰਾਂਸਫਰ ਸਬੰਧੀ ਸੂਚਨਾ/ਰਿਕਾਰਡ ਉਨ੍ਹਾਂ ਦੇ ਦਫਤਰ ਵਿਚ ਉਪਲਭਧ ਨਹੀਂ ਹੈ, ਕਿਉਂਕਿ ਉਕਤ ਰਜਿਸਟਰੇਸ਼ਨ ਨੰਬਰ ਦਫਤਰੀ ਆਨਲਾਈਨ ਰਿਕਾਰਡ ਮੁਤਾਬਿਕ ਦਫਤਰ ਉਪ ਮੰਡਲ ਮੈਜਿਸਟਰੇਟ, ਡੇਰਾ ਬੱਸੀ ਨਾਲ ਸਬੰਧਤ ਹੈ। ਇਸ ਸਬੰਧ ਵਿਚ ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਜਾਣਕਾਰੀ ਭੇਜਦੇ ਹੋਏ ਪੋਸਟ ਆਫਿਸ ਦੀ ਰਸੀਦ ਦੀ ਕਾਪੀ ਪੇਸ਼ ਕੀਤੀ ਗਈ । ਇਸ ਤਰ੍ਹਾਂ ਕਮਿਸ਼ਨ ਉੱਤਰਦਾਤਾ ਵਲੋਂ ਦਿੱਤੀ ਗਈ ਸੂਚਨਾ ਤੋਂ ਸੰਤੁਸ਼ਟ ਹੈ ਅਤੇ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ **ਇਹ ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ,** 21 **ਜਨਵਰੀ,** 2020. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਸਤਿੰਦਰ ਕੁਮਾਰ ਖੈਰਾ ( 78373-82058)
ਮਕਾਨ ਨੰ: 524, ਸੈਕਟਰ 7, ਪੰਚਕੁਲਾ 134109 --------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਡਿਪਟੀ ਕਮਿਸ਼ਨਰ -ਕਮ-
ਕਲੈਕਟਰ ਐਗਰੇਰੀਅਨ, ਮਾਨਸਾ --------ਉੱਤਰਦਾਤਾ

**ਸ਼ਿਕਾਇਤ ਕੇਸ ਨੰ:703/2019**

**ਹਾਜ਼ਰ:-**

1) ਅਪੀਲਕਰਤਾ ਸ੍ਰੀ ਸਤਿੰਦਰ ਕੁਮਾਰ ਖੈਰਾ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਗੁਰਚਰਨ ਸਿੰਘ, ਕਾਨੂੰਗੋ ਅਤੇ ਮੁਕੇਸ਼ ਕੁਮਾਰ (9417682065

**ਹੁੱਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 29-03-2018 ਨੂੰ ਲੋਕ ਸੂਚਨਾ ਅਧਿਕਾਰੀ, ਦਫਤਰ ਡਿਪਟੀ ਕਮਿਸ਼ਨਰ -ਕਮ-ਕਲੈਕਟਰ ਐਗਰੇਰੀਅਨ, ਮਾਨਸਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਪੰਜਾਬ ਲੈਂਡ ਐਕਟ 1972 ਅਧੀਨ ਸਾਲ 1973 ਤੋਂ ਹੁਣ ਤੱਕ ਸਬ ਡਵੀਜਨ ਅਫਸਰ ( ਪਹਿਲਾਂ ਕੁਲੈਕਟਰ ਐਗਰੇਰੀਅਨ ) ਵਲੋਂ ਯੋਗ ਵਿਅਕਤੀਆਂ ਨੂੰ ਸਰਪਲਸ ਜਮੀਨ ਵੰਡਨ ਸਬੰਧੀ 8 ਨੁਕਤਿਆਂ ਤੇ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ 08-08-2019 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 04-09-2019 ਨੂੰ ਨੋਟਿਸ ਜਾਰੀ ਕਰ ਕੇ ਇਹ ਕੇਸ ਪਹਿਲੀ ਸੁਣਵਾਈ, ਮਿਤੀ 01-10-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ਇਸ ਉਪਰੰਤ ਅਗਲੀ ਮਿਤੀ 17-10-2019, ਮਿਤੀ 06-11-2019 ਨੂੰ ਹੋਈ ਕਾਰਵਾਈ ਉਪਰੰਤ ਅਗਲੀ ਮਿਤੀ 02-12-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 02-12-2019 ਨੂੰ ਇਹ ਅਪੀਲ ਕੇਸ ਵਿਚ ਅਗਲੀ ਸੁਣਵਾਈ ਲਈ ਮਿਤੀ 18-12-2019 ਨੂੰ ਲਈ ਨਿਸਚਿਤ ਕੀਤਾ ਗਿਆ ਸੀ। ਮਿਤੀ 18-12-2019 ਨੂੰ ਸ਼ਿਕਾਇਤਕਰਤਾ ਪੇਸ਼ੀ ਤੇ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਜਿਹੜੀ ਜਾਣਕਾਰੀ ਉਸਨੂੰ ਪਹਿਲਾਂ ਮੁਹੱਈਆ ਕਰਵਾਈ ਗਈ ਸੀ ਉਸ ਤੋਂ ਇਲਾਵਾ ਹੋਰ ਕੋਈ ਜਾਣਕਾਰੀ ਨਹੀਂ ਦਿਤੀ ਗਈ। ਇਸ ਤਰ੍ਹਾਂ ਹੁਣ ਤੱਕ ਜਿਹੜੀ ਜਾਣਕਾਰੀ ਉਸਨੂੰ ਮੁਹੱਈਆ ਕਰਵਾਈ ਗਈ ਹੈ ਉਸਤੋਂ ਉਹ ਸਤੁੰਸ਼ਟ ਨਹੀਂ ਹੈ। ਉੱਤਰਾਦਾਤਾ ਵਲੋਂ ਸ੍ਰੀ ਗੁਰਚਰਨ ਸਿਘ ਕਾਨੂਗੋ, ਮਾਨਸਾ ਹਾਜ਼ਰ ਹੋਇਆ, ਉਪ ਮੰਡਲ ਮੈਜਿਸਟਰੇਟ, ਮਾਨਸਾ ਦਫਤਰ ਤੋਂ ਕੋਈ ਹਾਜ਼ਰ ਨਹੀਂ ਹੋਇਆ ਪਰ ਉਨ੍ਹਾਂ ਵਲੋਂ ਈ.ਮੇਲ ਰਾਹੀਂ ਆਪਣੇ ਪੱਤਰ ਮਿਤੀ 18-12-2019 ਰਾਹੀਂ ਸੂਚਿਤ ਕੀਤਾ ਗਿਆ ਹੈ ਕਿ ਸਬੰਧਤ ਕਲਰਕ ਨੂੰ ਮਾਣਯੋਗ ਅਡੀਸ਼ਨਲ ਚੀਫ ਜੁਡੀਸ਼ੀਅਲ ਮੈਜਿਸਟਰੇਟ, ਬਰਨਾਲਾ ਜੀ ਦੀ ਅਦਾਲਤ ਵਿਚ ਪਹਿਲਾਂ ਹੀ ਪਾਬੰਦ ਕੀਤਾ ਹੋਇਆ ਹੈ, ਇਸ ਲਈ ਹਾਜ਼ਰੀ ਤੋਂ ਛੋਟ ਦਿੱਤੀ ਜਾਵੇ। ਕਮਿਸ਼ਨ ਦੇ ਹੁਕੱਮ ਮਿਤੀ 01-10-2019 ਰਾਹੀਂ ਐਸ.ਡੀ.ਐਮ. ਬੁਢਲਾਡਾ, ਐਸ.ਡੀ.ਐਮ. ਸਰਦੂਲਗੜ੍ਹ ਅਤੇ ਐਸ.ਡੀ.ਐਮ. ਮਾਨਸਾ ਨੂੰ ਹਦਾਇਤ ਕੀਤੀ ਗਈ ਸੀ ਕਿ ਹਲਫਿਆ ਬਿਆਨ ਦਿੱਤਾ ਜਾਵੇ ਕਿ ਉਨ੍ਹਾਂ ਵਲੋਂ ਸ਼ਿਕਾਇਤਕਰਤਾ ਨੂੰ ਦਿੱਤੀ ਗਈ ਸੂਚਨਾ ਰਿਕਾਰਡ ਮੁਤਾਬਿਕ ਸਹੀ ਹੈ, ਪਰ ਉਨ੍ਹਾਂ ਵਲੋਂ ਅਜੇ ਤੱਕ ਲੋੜੀਂਦਾ ਹਲਫਿਆ ਬਿਆਨ ਪੇਸ਼ ਨਹੀਂ ਕੀਤਾ ਗਿਆ ਜਦੋਂ ਕਿ ਹਾਜ਼ਰ ਨੁਮਾਇੰਦੇ ਦੇ ਦਸੱਣ ਅਨੁਸਾਰ ਕਮਿਸ਼ਨ ਦੇ ਹੁੱਕਮਾਂ ਤੋਂ ਪੱਤਰ ਨੰ: 129/ਆਰ.ਟੀ.ਆਈ. ਮਿਤੀ ਮਾਨਸਾ 03-10-2019 ਰਾਹੀਂ ਮਾਨਸਾ, ਸਰਦੂਲਗੜ੍ਹ ਅਤੇ ਬੁਢਲਾਡਾ ਵਲੋਂ ਹਲਫਿਆ ਬਿਆਨ ਦਾਇਰ ਕਰਨ ਸਬੰਧੀ ਸਹਾਇਕ ਪਬਲਿਕ ਸੂਚਨਾ ਅਫਸਰ - ਕਮ- ਜਿਲ੍ਹਾ ਮਾਲ ਅਫਸਰ, ਮਾਨਸਾ ਵਲੋਂ ਐਸ.ਡੀ.ਐਮ. ਮਾਨਸਾ ਨੂੰ ਜਾਣੂ ਕਰਵਾ ਦਿੱਤਾ ਗਿਆ ਸੀ। ਇਸ ਤਰ੍ਹਾਂ ਤਿੰਨ ਪੇਸ਼ੀਆਂ ਉਪਰੰਤ ਵੀ ਅਜੇ ਤੱਕ ਲੋੜੀਂਦਾ ਹਲਫਿਆ ਬਿਆਨ ਪੇਸ਼ ਨਹੀਂ ਕੀਤਾ ਗਿਆ। ਜਿਸ ਤੋਂ ਸਪਸ਼ੱਟ ਹੈ ਕਿ ਸਬੰਧਤ ਅਧਿਕਾਰੀਆਂ ਵਲੋਂ ਆਰ.ਟੀ.ਆਈ.ਐਕਟ 2005 ਦੀ ਪਾਲਣਾ ਨਹੀਂ

ਪਰਤੋ ਜੀ----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਸ਼ਿਕਾਇਤ ਕੇਸ ਨੰ:703/2019**

ਕੀਤੀ ਜਾ ਰਹੀ ਜਿਸਨੂੰ ਕਮਿਸ਼ਨ ਵਲੋਂ ਗੰਭੀਰਤਾ ਨਾਲ ਲਿਆ ਗਿਆ ਹੈ। ਇਸ ਲਈ ਸ੍ਰੀ ਆਦਿਤਿਆ ਡੇਚਲਵਾਲ, ਐਸ.ਡੀ.ਐਮ. ਬੁਢਲਾਡਾ, ਸ੍ਰੀ ਰਾਜਪਾਲ ਸਿੰਘ, ਐਸ.ਡੀ.ਐਮ. ਸਰਦੂਲਗੜ੍ਹ ਅਤੇ ਸ੍ਰੀਮਤੀ ਸਰਬਜੀਤ ਕੋਰ, ਐਸ.ਡੀ.ਐਮ. ਮਾਨਸਾ ਨੂੰ ਸੂਚਨਾ ਦਾ ਅਧਿਕਾਰ ਐਕਟ,2005 ਦੇ ਭਾਗ 20 (1) ਤਹਿਤ ਕਾਰਨ-ਦੱਸੋ ਨੋਟਿਸ ਜਾਰੀ ਕੀਤਾ ਗਿਆ ਸੀ ਕਿ ਉਹ ਹਲਫੀਆ-ਬਿਆਨ ਰਾਹੀਂ ਕਾਰਨ ਸਪੱਸ਼ਟ ਕਰਨ ਕਿ ਉਨ੍ਹਾਂ ਵਲੋਂ ਅਜੇ ਤੱਕ ਲੋੜੀਂਦਾ ਹਲਫਿਆ ਬਿਆਨ ਕਿਉਂ ਨਹੀਂ ਦਿੱਤਾ ਗਿਆ । ਇਸ ਲਈ ਕਿਉਂ ਨਾ ਉਨ੍ਹਾਂ ਨੂੰ ਸ਼ਿਕਾਇਤਕਰਤਾ ਵੱਲੋਂ ਬਿਨੈ-ਪੱਤਰ ਪੇਸ਼ ਕਰਨ ਦੀ ਮਿਤੀ ਤੋਂ ਸ਼ਿਕਾਇਤਕਰਤਾ ਨੂੰ ਲੋੜੀਂਦੀ ਸੂਚਨਾ ਮੁਹੱਈਆ ਕਰਨ ਦੀ ਮਿਤੀ ਤੱਕ 250/-ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਪਰ ਵੱਧ ਤੋਂ ਵੱਧ 25,000/-ਰੁਪਏ ਤੱਕ ਜੁਰਮਾਨੇ ਦੀ ਸਜ਼ਾ ਦਿੱਤੀ ਜਾਵੇ। ਉਕਤ ਤਜਵੀਜ਼ਤ ਸਜ਼ਾ ਦੇਣ ਤੋਂ ਪਹਿਲਾਂ ਸੂਚਨਾ ਦਾ ਅਧਿਕਾਰ ਐਕਟ, 2005 ਦੇ ਭਾਗ 20 (1) ਦੇ ਹੇਠਾਂ ਦਿੱਤੇ ਗਏ ਪ੍ਰੋਵੀਜੋ ਤਹਿਤ ਸਬੰਧਤ ਅਧਿਕਾਰੀ ਨੂੰ ਆਪਣਾ ਜਵਾਬ ਪੇਸ਼ ਕਰਨ ਦਾ ਮੌਕਾ ਦਿੰਦੇ ਹੋਏ ਇਹ ਵੀ ਸਪੱਸ਼ਟ ਕੀਤਾ ਗਿਆ ਸੀ ਕਿ ਜੇਕਰ ਉਹ ਨਿਸ਼ਚਿਤ ਮਿਤੀ ਤੋਂ ਪਹਿਲਾਂ ਜਾਂ ਨਿਸ਼ਚਿਤ ਮਿਤੀ ਤੇ ਹਾਜ਼ਰ ਹੋ ਕੇ ਆਪਣਾ ਲਿਖਤੀ ਜਵਾਬ ਅਤੇ ਪਹਿਲਾਂ ਮੰਗਿਆ ਗਿਆ ਹਲਫਿਆ ਬਿਆਨ ਪੇਸ਼ ਨਹੀਂ ਕਰਦੇ ਤਾਂ ਇਹ ਸਮਝ ਲਿਆ ਜਾਵੇਗਾ ਕਿ ਉਹ ਆਪਣੇ ਪੱਖ ਵਿੱਚ ਕੁੱਝ ਵੀ ਨਹੀਂ ਕਹਿਣਾ ਚਾਹੁੰਦੇ ਅਤੇ ਐਕਟ ਦੇ ਉਪਬੰਧਾਂ ਤਹਿਤ ਉਨ੍ਹਾਂ ਵਿਰੁੱਧ ਬਣਦੀ ਅਗਲੇਰੀ ਇਕਤਰਫਾ ਕਾਰਵਾਈ ਕੀਤੀ ਜਾਵੇਗੀ। ਇਸ ਹਦਾਇਤ ਨਾਲ ਇਹ ਸ਼ਿਕਾਇਤ ਕੇਸ ਅਗਲੀ ਸੁਣਵਾਈ ਲਈ ਮਿਤੀ 21-01-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅੱਜ ਪੇਸ਼ੀ ਤੇ ਅਪੀਲਕਰਤਾ ਹਾਜ਼ਰ ਹੋਇਆ। ਉਸ ਵਲੋਂ ਪੇਸ਼ੀ ਦੋਰਾਨ ਕਮਿਸ਼ਨ ਨੂੰ ਦਸਿਆ ਗਿਆ ਕਿ ਉਸਨੂੰ ਮੰਗੀ ਗਈ ਜਾਣਕਾਰੀ ਪ੍ਰਾਪਤ ਹੋ ਚੁੱਕੀ ਹੈ ਅਤੇ ਦਿੱਤੀ ਗਈ ਜਾਣਕਾਰੀ ਤੋਂ ਸੰਤੁਸ਼ਟ ਹੈ। ਇਹ ਅਪੀਲ ਕੇਸ ਦਾਖਲ ਦਫਤਰ ਕਰ ਦਿੱਤਾ ਜਾਵੇ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਗੁਰਚਰਨ ਸਿੰਘ, ਕਾਨੂੰਗੋ ਅਤੇ ਮੁਕੇਸ਼ ਕੁਮਾਰ ਹਾਜ਼ਰ ਹੋਏ ਉਨ੍ਹਾਂ ਵਲੋਂ ਉਪ ਮੰਡਲ ਮੈਜਿਸਟਰੇਟ, ਮਾਨਸਾ ਦਾ ਪੱਤਰ ਨੰ: 120/ਆਰ.ਟੀ.ਆਈ. ਮਿਤੀ 18-12-2019, ਪੇਸ਼ ਕੀਤਾ ਗਿਆ ਜਿਸ ਅਨੁਸਾਰ ਅਪੀਲਕਰਤਾ ਨੂੰ ਪੱਤਰ ਨੰ: 119/ਆਰ.ਟੀ.ਆਈ. ਮਿਤੀ 17-12-2019 ਰਾਹੀਂ ਸੂਚਨਾ ਦੇ ਦਿਤੀ ਹੈ। ਪੱਤਰ ਮਿਤੀ 24-12-2019 ਸੂਚਨਾ ਹਿੱਤ ਕਮਿਸ਼ਨ ਨੂੰ ਭੇਜਿਆ ਗਿਆ ਹੈ ਜੋ ਨਾਇਬ ਤਹਿਸੀਲਦਾਰ, ਮਾਨਸਾ ਨੂੰ ਕਾਰਵਾਈ ਹਿੱਤ ਪੀ.ਆਈ.ਓ. ਵਲੋਂ ਲਿਖਿਆ ਗਿਆ ਹੈ। ਇਸੇ ਤਰ੍ਹਾਂ ਪੱਤਰ ਨੰ: 141/ਆਰ.ਟੀ.ਆਈ. 10-01-2020 ਜੋ ਕਮਿਸ਼ਨ ਨੂੰ ਸੰਬੋਧਤ ਹੈ ਰਾਹੀਂ ਕਮਿਸ਼ਨ ਦੇ ਹੁੱਕਮਾਂ ਦੀ ਪਾਲਣਾ ਵਿਚ ਨੋਟਰੀ ਵਲੋਂ ਤਸਦੀਕ ਹਲਫੀਆ ਬਿਆਨ ਮਿਤੀ 10-01-2020 ਪੇਸ਼ ਕੀਤਾ ਗਿਆ ਹੈ। ਇਹ ਪੱਤਰ ਪਹਿਲਾਂ ਹੀ ਡਾਕ ਰਾਹੀ਼ ਪ੍ਰਾਪਤ ਹੋ ਚੁੱਕੇ ਹਨ ਅਤੇ ਪੱਤਰ ਮਿਸਲ ਤੇ ਉਪਲਭਧ ਹਨ।

5. ਉੱਤਰਦਾਤਾ ਵਲੋਂ ਪੇਸ਼ ਨੁਮਾਇੰਦਿਆਂ ਵਲੋਂ ਪੇਸ਼ੀ ਦੋਰਾਨ ਪੇਸ਼ ਕੀਤੇ ਗਏ ਪੱਤਰਾਂ ਅਨੁਸਾਰ ਕਮਿਸ਼ਨ ਦੇ ਹੁਕੱਮਾਂ ਦੀ ਪਾਲਣਾ ਕਰਦੇ ਹੋਏ ਉਪਲਭਧ ਸੂਚਨਾ ਅਪੀਲਕਰਤਾ ਨੂੰ ਮੁਹੱਈਆ ਕਰਵਾ ਦਿੱਤੀ ਗਈ ਹੈ ਅਤੇ ਇਸ ਦੇ ਨਾਲ ਹੀ ਜੋ ਸੂਚਨਾ ਉਪਲਭਧ ਨਹੀਂ ਹਲਫੀਆ ਬਿਆਨ ਪੇਸ਼ ਕੀਤਾ ਗਿਆ ਹੈ। ਅਪੀਲਕਰਤਾ ਵਲੋਂ ਵੀ ਪ੍ਰਾਪਤ ਸੂਚਨਾ ਤੋਂ ਸੰਤੁਸ਼ਟੀ ਪ੍ਰਗਟ ਕੀਤੀ ਗਈ ਹੈ। ਇਸ ਤਰ੍ਹਾਂ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਹ ਅਪੀਲ ਕੇਸ ਦਾਖਲ ਦਫਤਰ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 21 ਜਨਵਰੀ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਹਰਜੋਤ ਸਿੰਘ 8146300491
ਮਕਾਨ ਨੰ 491, ਫੇਸ 2, ਅਰਬਨ ਇਸਟੇਟ, ਪੂਡਾ,
ਪਟਿਆਲਾ -147002 -----ਅਪੀਲਕਰਤਾ

**ਬਨਾਮ**

ਲੋਕ ਸੂਚਨਾ ਅਧਿਕਾਰੀ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।
ਪਹਿਲੀ ਅਪੀਲੀ ਅਥਾਰਟੀ ਕਮ ਡੀਨ ਅਕੈਡਮੀਕਸ,
ਪੰਜਾਬੀ ਯੂਨੀਵਰਸਿਟੀ, ਪਟਿਆਲਾ। ----**ਉੱਤਰਦਾਤਾ**

ਅਪੀਲ ਕੇਸ ਨੰ: 3020/2019

**ਹਾਜ਼ਰ:-**

1) ਅਪੀਲਕਰਤਾ ਵਲੋਂ ਸ੍ਰੀ ਰਣਜੀਤ ਸਿੰਘ ਹਾਜ਼ਰ ਹੋਇਆ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਵਿਕਰਾਂਤ ਸ਼ਰਮਾਂ 9814103515

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 01-05-2019, **ਲੋਕ ਸੂਚਨਾ ਅਧਿਕਾਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ** ਨੂੰ ਦਿੱਤਾ ਗਿਆ ਜਿਸ ਰਾਹੀਂ ਉਸ ਵਲੋਂ ਸੈਸ਼ਨ ਸਾਲ 2016-17 ਦੋਰਾਨ ਡਿਸਟੈਂਸ ਐਜੁਕੇਸ਼ਨ ਡਿਪਾਰਟਮੈਂਟ ਵਲੌਂ ਕੀਤੀ ਐਡਮਿਸ਼ਨ ਲਈ ਜਿਸ ਕੰਪਨੀ ਨੂੰ ਕੰਟਰੈਕਟ ਦਿੱਤਾ ਗਿਆ ਸੀ ਉਸ ਨਾਲ ਸਬੰਧਤ 15 ਨੁਕਤਿਆਂ ਸਬੰਧੀ ਸੂਚਨਾ ਦੀ ਮੰਗ ਕੀਤੀ ਗਈ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 10-06-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 19-08-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 09-09-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 16-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।ਜੋ ਕਿ ਬਾਅਦ ਵਿਚ ਮੁਲਤੱਵੀ ਕਰਕੇ ਮਿਤੀ 17-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।ਇਸ ਉਪਰੰਤ ਪਿਛਲੀਆਂ ਮਿਤੀਆਂ ਤੇ ਕਾਰਵਾਈ ਉਪਰੰਤ ਅਗਲੀ 27-11-2019 ਨਿਸਚਿਤ ਕੀਤੀ ਗਈ ਸੀ।

2. ਪਿਛਲੀ ਪੇਸ਼ੀ ਦੀ ਮਿਤੀ 27-11-2019 ਨੂੰ ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਸ੍ਰੀ ਵਿਕਰਾਂਤ ਸ਼ਰਮਾਂ, ਐਡਵੋਕੇਟ ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਕਿ ਇਸ ਕੇਸ ਵਿਚ ਹੋਰ ਸਮਾਂ ਦਿੱਤਾ ਜਾਵੇ, ਇਸ ਸਬੰਧ ਵਿਚ ਲੋਕ ਸੂਚਨਾ ਅਫਸਰ ਦਾ ਪੱਤਰ ਨੰ: 8957/ਐਸ-11/449-19/ਆਰ.ਟੀ.ਆਈ. ਸੈਲ ਮਿਤੀ 26-11-2019 ਵੀ ਪੇਸ਼ ਕੀਤਾ ਗਿਆ ਕਿ ਹੋਰ ਸਮਾਂ ਦਿੱਤਾ ਜਾਵੇ। ਇਸ ਲਈ ਦੋਨਾਂ ਧਿਰਾਂ ਦੀ ਸਹਿਮਤੀ ਨਾਲ ਤਰੁੱਟੀਆਂ ਦੂਰ ਕਰਨ ਸਬੰਧੀ ਇਹ ਅਪੀਲ ਕੇਸ ਅਗਲੀ ਸੁਣਵਾਈ ਦੀ ਮਿਤੀ 21-01-2020 ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਵਲੋਂ ਸ੍ਰੀ ਰਣਜੀਤ ਸਿੰਘ, ਹਾਜ਼ਰ ਹੋਇਆ ਉਸ ਵਲੋਂ ਅਥਾਰਟੀ ਲੈਟਰ ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ। ਮਿਸਲ ਤੇ ਰੱਖ ਲਿਆ ਗਿਆ ਹੈ। ਉਸ ਵਲੋਂ ਦਸਿਆ ਗਿਆ ਕਿ ਉੱਤਰਦਾਤਾ ਵਲੋਂ ਦਿੱਤੀ ਗਈ ਸੂਚਨਾ ਮੁਕੰਮਲ ਨਹੀਂ ਹੈ। ਉਨ੍ਹਾਂ ਵਲੋਂ ਇਹ ਨਹੀਂ ਦਸਿਆ ਗਿਆ ਕਿ ਕਿਹੜੀ ਕਮੇਟੀ ਗਠਤ ਕੀਤੀ ਗਈ ਹੈ ਅਤੇ ਮੰਗੀ ਗਈ ਜਾਣਕਾਰੀ ਸਵਾਲ ਹੋਣ ਕਰਕੇ ਨਹੀਂ ਦਿੱਤੀ ਜਾ ਰਹੀ ਜਦੋਂ ਕਿ ਇਹ ਸਵਾਲ ਨਹੀਂ ਹਨ।

4. ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਪੱਤਰ ਨੰ: 358/ਐਸ.-।।/449-19/ਆਰ.ਟੀ.ਆਈ.ਸੈਲ ਮਿਤੀ 15-1-2020 ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ ਅਤੇ ਉੱਤਾਰਾ ਅਪੀਲਕਰਤਾ ਨੂੰ ਕੀਤਾ ਗਿਆ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

5. ਅਪੀਲਕਰਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਉਕਤ ਪੱਤਰ ਮਿਤੀ 15-1-2020 ਰਾਹੀਂ ਪ੍ਰਾਪਤ ਸੂਚਨਾ ਤੇ ਅਜੇ

ਪਰਤੋ ਜੀ------ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



ਅਪੀਲ ਕੇਸ ਨੰ: 3020/2019

ਵੀ ਇਤਰਾਜ ਕੀਤਾ ਗਿਆ ਕਿ ਮੰਗੀ ਗਈ ਸੂਚਨਾ ਸਵਾਲ ਨਹੀਂ ਅਤੇ ਦਿੱਤੀ ਗਈ ਸੂਚਨਾ ਵਿਚ ਅਜੇ ਵੀ ਮੁਕੰਮਲ ਸੂਚਨਾ ਨਹੀਂ ਦਿੱਤੀ ਜਾ ਰਹੀ ਕਿਉਂਜੋ ਇਹ ਨਹੀਂ ਦਸਿਆ ਗਿਆ ਕਿ ਕਿਹੜੀ ਕਮੇਟੀ ਗਠਤ ਕੀਤੀ ਗਈ ਹੈ। ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਉਕਤ ਪੱਤਰ ਮਿਤੀ 15-1-2020 ਰਾਹੀਂ ਅਪੀਲਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਸਬੰਧੀ ਨੁਕਤਾਵਾਰ ਡਿਟੇਲ ਵਿਚ ਉੱਤਰ/ ਜਾਣਕਾਰੀ ਦੇ ਦਿਤੀ ਗਈ ਹੈ। ਉੱਤਰਦਾਤਾ ਦੇ ਨੁਮਾਇੰਦੇ ਵਲੋਂ ਇਹ ਵੀ ਦਸਿਆ ਗਿਆ ਕਿ ਅਪੀਲਕਰਤਾ ਵਲੋਂ ਪੇਸ਼ ਕੀਤੀਆਂ ਗਈਆਂ ਤਰੁੱਟੀਆਂ ਵਿਚ ਨਵਾਂ ਨੁਕਤਾ ਉਠਾਇਆ ਗਿਆ ਹੈ ਜ਼ੋ ਅਰਜੀ ਵਿਚ ਨਹੀਂ ਸੀ ਜਿਸਨੂੰ ਅਪੀਲਕਰਤਾ ਵਲੋਂ ਮੰਨਣ ਤੋਂ ਇੰਨਕਾਰ ਕੀਤਾ ਗਿਆ। ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਦਿਤੀ ਗਈ ਸੂਚਨਾ ਤੋਂ ਕਮਿਸ਼ਨ ਸੰਤੁਸਟ ਹੈ। ਇਸ ਤਰ੍ਹਾਂ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ,** 21 **ਜਨਵਰੀ,** 2020.